# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 09 ISSUE : 08 SATURDAY, 20 FEBRUARY, 2021

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


## ਸੜਕ ਰਸਤੇ ਕੈਨੇਡਾ 'ਚ ਦਾਖਲ ਹੋਣ ਵਾਲੇ ਯਾਤਰੀਆਂ 'ਤੇ ਨਵੇਂ ਕੋਵਿਡ ਨਿਯਮ ਲਾਗੂ



ਓਟਵਾ-ਜ਼ਮੀਨੀ ਰਸਤੇ ਕੈਨੇਡਾ ਵਿਚ ਅਮਰੀਕਾ ਤੋਂ ਦਾਖਲ ਹੋਣ ਵਾਲੇ ਯਾਤਰੀਆਂ 'ਤੇ ਨਵੇਂ ਕੋਵਿਡ ਨਿਯਮ ਲਾਗੂ ਹੋ ਗਏ ਹਨ। ਜ਼ਰੂਰੀ ਯਾਤਰੀਆਂ ਤੋਂ ਸਿਵਾਏ ਕੈਨੇਡਾ ਵਿਚ ਆਉਣ ਵਾਲੇ ਸਾਰੇ ਯਾਤਰੀਆਂ ਨੂੰ ਅਮਰੀਕਾ ਵਿਚ 72 ਘੰਟਿਆਂ ਦੇ ਅੰਦਰ ਅੰਦਰ ਕੋਵਿਡ-19 ਪੀ ਸੀ ਆਰ ਟੈਸਟ ਦਾ ਨੈਗੇਟਿਵ ਸਬੂਤ ਮੁਹੱਈਆ ਕਰਨਾ ਲਾਜ਼ਮੀ ਹੋਵੇਗਾ ਜਾਂ ਉਨ੍ਹਾਂ ਨੂੰ ਪਹੁੰਚਣ ਤੋਂ ਪਹਿਲਾਂ 14 ਤੇ 90 ਦਿਨ ਵਿਚਕਾਰ ਪਾਜ਼ੇਟਿਵ ਟੈਸਟ ਨਤੀਜੇ ਦਾ ਸਬੂਤ ਦੇਣਾ ਪਵੇਗਾ ਜੋ ਬਿਮਾਰੀ ਲੰਘਣ ਲਈ ਕਾਫੀ ਲੰਬਾ ਸਮਾਂ ਹੈ ਪਰ ਇਹ ਇੰਨਾ ਵੀ ਜ਼ਿਆਦਾ ਲੰਬਾ ਨਹੀਂ ਜਿਸ ਵਿਚ ਇਮਿਊਨਿਟੀ ਘਟ ਗਈ ਹੋਵੇ। ਇਸੇ ਤਰ੍ਹਾਂ ਹਵਾਈ ਰਸਤੇ ਆਉਣ ਵਾਲੇ ਯਾਤਰੀਆਂ ਨੂੰ ਆਪਣੇ ਖਰਚੇ 'ਤੇ ਤਿੰਨ ਦਿਨ ਹੋਟਲ ਵਿਚ ਲਾਜ਼ਮੀ ਰੂਪ ਵਿਚ ਕੁਆਰਨਟੀਨ ਹੋਣਾ ਪਵੇਗਾ ਅਤੇ ਕਈ ਕੋਵਿਡ-19 ਦੇ ਟੈਸਟ ਕਰਵਾਉਣੇ ਪੈਣਗੇ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਕਿ ਇਹ ਉਪਾਅ ਕੋਵਿਡ-19 ਦੇ ਨਵੇਂ ਵੈਰੀਐਂਟਸ ਨੂੰ ਦੇਸ਼ ਵਿਚ ਆਉਣ ਤੋਂ ਰੋਕਣਾ ਹੈ ਕਿਉਂਕਿ ਕੋਈ ਨਹੀਂ ਚਾਹੁੰਦਾ ਕਿ ਦੇਸ਼ ਵਿਚ ਵਾਇਰਸ ਦੀ ਤੀਸਰੀ ਵੇਵ ਸ਼ੁਰੂ ਹੋ ਜਾਵੇ। ਉਹਨਾਂ ਹੋਰ ਕਿਹਾ ਕਿ ਨਵੇ ਨਿਯਮ ਨਾਗਰਿਕਾਂ ਲਈ ਕੋਈ ਸਜ਼ਾ ਨਹੀ ਹਨ ਪਰ ਮੁਲਕ ਨੂੰ ਇਸ ਮਹਾਂਮਾਰੀ ਤੋ ਸੁਰੱਖਿਅਤ ਰੱਖਣ ਲਈ ਨਿਯਮਾਂ ਦੀ ਸਖਤੀ ਨਾਲ ਪਾਲਣਾ ਬਹੁਤ ਜ਼ਰੂਰੀ ਹੈ।

## ਯੂਰਪ ਤੋਂ ਕੈਨੇਡਾ ਨੂੰ ਟੀਕੇ ਦੀ ਸਪਲਾਈ ਸਮੇਂ ਸਿਰ ਤੇ ਸੁਰੱਖਿਅਤ ਰਹੇਗੀ-ਟਰੂਡੋ



ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਹਫ਼ਤੇ ਹੋਰ ਭਰੋਸਾ ਮਿਲਿਆ ਹੈ ਜਿਸ ਤੋਂ ਕੈਨੇਡਾ ਕੋਵਿਡ-19 ਟੀਕਿਆਂ ਦੀ ਸਪਲਾਈ ਦੀ ਸੁਰੱਖਿਅਤ ਆਸ ਕਰਦਾ ਹੈ। ਟਰੂਡੋ ਨੇ ਦੱਸਿਆ ਕਿ ਉਨ੍ਹਾਂ ਨੇ ਯੂਰਪੀਨ ਕਮਿਸ਼ਨ ਦੇ ਪ੍ਰਧਾਨ ਉਰਸੁਲਾ ਵੋਨ ਡੇਰ ਲੇਯਨ ਨਾਲ ਯੂਰਪ ਦੇ ਐਕਪੋਰਟ ਕੰਟਰੋਲ ਬਾਰੇ ਅਤੇ ਮੋਡਰਨਾ ਦੀ ਚੇਅਰ ਨੌਬਰ ਅਫੇਯਾਨ ਨਾਲ ਕੰਪਨੀ ਦੇ ਕੈਨੇਡੀਅਨ ਸਮਝੌਤੇ ਬਾਰੇ ਗੱਲਬਾਤ ਕੀਤੀ ਹੈ। ਮੋਡਰਨਾ ਯੂਰਪ ਵਿਚ ਉਤਪਾਦਨ ਲਾਈਨਾਂ ਦੇ ਵਿਸਥਾਰ ਲਈ ਜੂਝ ਰਹੀ ਹੈ ਪਰ ਟਰੂਡੋ ਨੇ ਦੱਸਿਆ ਕਿ ਅਫੇਯਾਨ ਨੇ ਉਨ੍ਹਾਂ ਦੱਸਿਆ ਕਿ ਕੈਨੇਡਾ ਦੇ ਮੋਡਰਨਾ ਟੀਕੇ ਦੀਆਂ 2 ਮਿਲੀਅਨ ਖੁਰਾਕਾਂ ਸਬੰਧੀ ਸਮਝੌਤੇ ਨੂੰ 31 ਮਾਰਚ ਤਕ ਪੂਰਾ ਕਰ ਦਿੱਤਾ ਜਾਵੇਗਾ। ਮੋਡਰਨਾ ਨੇ ਅਗਲੇ ਹਫ਼ਤੇ 168000 ਹੋਰ ਖੁਰਾਕਾਂ ਦੀ ਡਲਿਵਰੀ ਦੀ ਪੁਸ਼ਟੀ ਕੀਤੀ ਹੈ ਅਤੇ ਮਾਰਚ ਵਿਚ 1.3 ਮਿਲੀਅਨ ਹੋਰ ਖੁਰਾਕਾਂ ਦਿੱਤੀਆਂ ਜਾਣਗੀਆਂ। ਕੈਨੇਡਾ ਦੇ ਮੌਜੂਦਾ ਸਾਰੇ ਟੀਕੇ ਯੂਰਪ ਵਿਚ ਬਣਾਏ ਜਾ ਰਹੇ ਹਨ ਪਰ ਯੂਰਪੀਨ ਯੂਨੀਅਨ ਦੀ ਬੁਲਾਰਨ ਨੇ ਪਿਛਲੇ ਹਫਤੇ ਕੈਨੇਡੀਅਨ ਪ੍ਰੈਸ ਨੂੰ ਦੱਸਿਆ ਕਿ ਕੈਨੇਡਾ ਟੀਕੇ ਦੀ ਸਪਲਾਈ ਕਰਨ ਲਈ ਹੁਣ ਤਕ ਕੈਨੇਡਾ ਸਮੇਤ 37 ਦੇਸ਼ਾਂ ਦੀਆਂ ਬੇਨਤੀਆਂ ਨੂੰ ਪ੍ਰਵਾਨ ਕੀਤਾ ਗਿਆ ਹੈ।

## ਕੈਨੇਡਾ ਤੇ ਭਾਈਵਾਲਾਂ ਨੇ ਚੀਨ ਵਲੋਂ ਵਿਦੇਸ਼ੀਆਂ ਦੀ ਨਜ਼ਰਬੰਦੀ ਨੂੰ ਅਨੈਤਿਕ ਐਲਾਨਿਆ

ਓਟਵਾ-ਕੈਨੇਡਾ ਅਤੇ ਗੱਠਜੋੜ ਦੇ 57 ਹੋਰ ਦੇਸ਼ਾਂ ਨੇ ਰਾਜਨੀਤਕ ਉਦੇਸ਼ਾਂ ਲਈ ਵਿਦੇਸ਼ੀ ਨਾਗਰਿਕਾਂ ਨੂੰ ਸਰਕਾਰਾਂ ਵਲੋਂ ਮਨਮਾਨੇ ਢੰਗ ਨਾਲ ਨਜ਼ਰਬੰਦ ਕਰਨ ਦੀ ਨਿਖੇਧੀ ਕਰਨ ਵਾਲੇ ਨਵੇਂ ਅੰਤਰਰਾਸ਼ਟਰੀ ਐਲਾਨਨਾਮੇ ਦਾ ਸਮਰਥਨ ਕੀਤਾ ਹੈ। ਨਵਾਂ ਐਲਾਨਨਾਮਾ ਸਾਬਕਾ ਵਿਦੇਸ਼ ਮੰਤਰੀ ਫਰਾਂਕੋਜ ਫਿਲਪ ਸ਼ੈਂਪੇਨ ਦੀ ਅਗਵਾਈ ਵਿਚ ਪਰਦੇ ਦੀ ਪਿੱਛੇ ਦੀ ਕੂਟਨੀਤੀ ਦੇ ਇਕ ਸਾਲ ਬਾਅਦ ਜਾਰੀ ਹੋਇਆ ਹੈ। ਇਹ ਦੋ ਕੈਨੇਡੀਅਨ ਨਾਗਰਿਕਾਂ ਮਾਈਕਲ ਕੋਵਰਿੰਗ ਅਤੇ ਮਾਈਕਲ ਸਪੈਪਰ ਜਿਨ੍ਹਾਂ ਨੇ ਚੀਨ ਦੀਆਂ ਜੇਲ੍ਹਾਂ ਵਿਚ ਆਪਣਾ 798ਵਾਂ ਦਿਨ ਗੁਜ਼ਾਰਿਆ ਦੀ ਰਿਹਾਈ ਲਈ ਮੁਹਿੰਮ ਦਾ ਨਤੀਜਾ ਹੈ। ਕੋਵਰਿੰਗ ਤੇ ਸਪੈਵਰ ਦੀ ਚੀਨੀ ਸਜ਼ਾ ਨੂੰ ਖਤਮ ਕਰਵਾਉਣਾ ਕੈਨੇਡਾ ਦੀ ਮੁੱਖ ਤਰਜੀਹ ਰਹੀ ਹੈ ਜਦਕਿ ਨਵੇਂ ਐਲਾਨਨਾਮੇ ਦਾ ਮਤਲਬ ਹੋਰ ਦੇਸ਼ਾਂ ਜਿਵੇਂ ਰੂਸ, ਇਰਾਨ ਤੇ ਉੱਤਰੀ ਕੋਰੀਆ ਵਿਚ ਧੱਕੇਸ਼ਾਹੀ ਵਾਲੇ ਅਮਲ ਨੂੰ ਖਤਮ ਕਰਵਾਉਣ ਲਈ ਵਿਆਪਕ ਨਿਖੇਧੀ ਸੀ।


A.S. MATTOO & ASSOCIATES - LAW OFFICE
*Denotes professional corporation
- ਰੀਅਲ ਅਸਟੇਟ
- ਘਰਾਂ ਦੇ ਤਬਾਦਲੇ
- ਕਮਰਸ਼ੀਅਲ ਰੀਅਲ ਅਸਟੇਟ
- ਮੋਰਟਗੇਜ਼
- ਵਸੀਅਤ ਤੇ ਜਾਇਦਾਦ
- ਵਿਰਾਸਤ ਕੇਸ
AMRIK S. (STEVE) MATTOO
604-572-6000
#211 - 7928 128th St., Surrey (YORK BUSINESS CENTRE)
Fax: 604-572-6001 | amrik@mattoolaw.com
TIMING: MON - FRI 9:00 AM TO 5:00 PM



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



ANOOP S. BAINS BARRISTER & SOLICITOR
Suite 214 - 6678 - 152nd St., Surrey B.C.
ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
ਅਸੀਂ ਸਿਰਫ ਆਈ.ਸੀ.ਬੀ.ਸੀ ਦੇ ਕੇਸ ਹੀ ਲੜਦੇ ਹਾਂ
Anoop Bains
604-547-3178
anoop@bainslaw.ca



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca



MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL MORTGAGE BROKER
A Better Way
604-368 -2030
604-227-9694
# 102-6321 King George Blvd, Surrey



Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com



PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar



ACROSS BORDER VISA INC.
THE HOUSE OF IMMIGRATION
ਅਸੀਂ ਹਰ ਤਰ੍ਹਾਂ ਦੀਆਂ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ICCRC CRCIC PIER ICEF AAERI
Avinash Kaur Director - RCIC 778-903-1243
Pushpinder Singh Virk Director-Overseas 604-503-6601
#206-12888 80th Ave., Surrey (York Business Center)
info@acrossbordervisa.com | www.acrossbordervisa.com



ਪ੍ਰਦੇਸੀ Pardesi SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

" Simpson, Thomas & Associates are a legal dream team. No other law firm could have fought this claim as it takes a lot of resources to fight a case of this nature. "
– Former client commenting on the Jago wedding tragedy

# B.C.'s Pioneering Law Firm for Motor Vehicle Cases

For over 50 years Simpson, Thomas & Associates (formerly Simpson & Company) have been advocates for victims seeking justice.

A+ Rated BBB. ACCREDITED BUSINESS

" Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved. "
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



**Adam Ueland**
LAWYER

**Call Adam on 604-689-8888 to set up a complimentary consultation or visit our website at simpsonthomas.com**

We have offices in Vancouver, Surrey/Delta, Abbotsford* and Burnaby.*
*By appointment only

**Caring. Compassionate. Community-Focussed.**

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 09 ISSUE : 08 SATURDAY, 20 FEBRUARY, 2021
www.punjablinkpaper.com 604-503-5465

Harbir Kaur Deol
Notary Public
• Statutory Declarations
• Travel Consent Letters
• Power of Attorney
• Invitation Letters
• Sales & Purchase
• Family Transfer
• Wills & Estate
• Refinancing
• Affidavits
604.503.3060
#110 - 13049 76th Ave., Surrey
BC Notaries info@deolnotary.com

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਰੇਲ ਰੋਕੋ ਨੂੰ ਪੰਜਾਬ, ਹਰਿਆਣਾ, ਉਤਰ ਪ੍ਰਦੇਸ ਤੇ ਹੋਰ ਥਾਈਂ ਜ਼ਬਰਦਸਤ ਹੁੰਗਾਰਾ

ਨਵੀਂ ਦਿੱਲੀ-ਮੋਦੀ ਸਰਕਾਰ ਵਲੋ ਲਿਆਂਦੇ ਖੇਤੀ ਕਨੂੰਨਾਂ ਖਿਲਾਫ ਸੰਘਰਸ਼ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਰੇਲ ਰੋਕੋ ਪ੍ਰੋਗਰਾਮ ਨੂੰ ਪੰਜਾਬ, ਹਰਿਆਣਾ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ 'ਚ ਭਰਵਾਂ ਹੁੰਗਾਰਾ ਮਿਲਿਆ ਤੇ ਦਿਨੇ 12 ਵਜੇ ਤੋਂ ਲੈ ਕੇ ਸ਼ਾਮ 4 ਵਜੇ ਕੌਮੀ ਪੱਧਰ 'ਤੇ ਰੇਲ ਗੱਡੀਆਂ ਰੋਕਣ ਦਾ ਪ੍ਰੋਗਰਾਮ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਿਆ। ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਪੰਜਾਬ) ਦੇ ਪ੍ਰਧਾਨ ਡਾ. ਦਰਸ਼ਨਪਾਲ ਨੇ ਕਿਹਾ ਕਿ ਦੇਸ਼ ਦੇ ਕਿਸਾਨਾਂ ਨੇ ਕੌਮੀ ਪੱਧਰ 'ਤੇ ਰੇਲ ਰੋਕੋ ਨੂੰ ਸਫਲ ਬਣਾਇਆ ਤੇ ਵੱਡੇ-ਛੋਟੇ ਰੇਲਵੇ ਸਟੇਸ਼ਨਾਂ ਦੀਆਂ ਰੇਲ ਪੱਟੜੀਆਂ ਰੋਕੀਆਂ। ਉਨ੍ਹਾਂ ਕਿਹਾ ਕਿ ਭਾਵੇਂ ਕੇਂਦਰ ਸਰਕਾਰ ਲਗਾਤਾਰ ਝੂਠ ਬੋਲ ਰਹੀ ਹੈ ਕਿ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਕੁਝ ਰਾਜਾਂ ਤੱਕ ਹੀ ਸੀਮਤ ਹੈ ਪਰ ਰੇਲ ਰੋਕੋ ਅੰਦੋਲਨ ਦੌਰਾਨ ਹੋਰ ਰਾਜਾਂ ਦੇ ਕਿਸਾਨਾਂ ਨੇ ਰੇਲਾਂ ਰੋਕ ਕੇ ਕੇਂਦਰ ਸਰਕਾਰ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਇਸੇ ਕਰਕੇ ਇਸ ਅੰਦੋਲਨ ਦੀ ਕਿਸਾਨ ਮੋਰਚੇ ਲਈ ਐਨੀ ਅਹਿਮੀਅਤ ਸੀ। ਉਨ੍ਹਾਂ ਕਿਹਾ ਕਿ ਰੇਲਵੇ ਦੇ ਕੌਮੀ ਨੈੱਟਵਰਕ ਵਾਂਗ ਹੀ ਕਿਸਾਨਾਂ ਨੇ ਕੌਮੀ ਪੱਧਰ ਦੀ ਲਾਮਬੰਦੀ ਕੀਤੀ ਤੇ ਅਮਨ, ਸ਼ਾਂਤੀ ਨਾਲ ਇਸ ਅੰਦੋਲਨ ਨੂੰ ਨੇਪਰੇ ਚਾੜ੍ਹਿਆ। ਪ੍ਰਾਪਤ ਰਿਪੋਰਟਾਂ ਮੁਤਾਬਕ ਰੇਲ ਰੋਕੋ ਨੂੰ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਂਚਲ, ਰਾਜਸਥਾਨ, ਮਹਾਂਰਾਸ਼ਟਰ, ਕਰਨਾਟਕ, ਪੱਛਮੀ ਬੰਗਾਲ, ਉੜੀਸਾ, ਮੁੰਬਈ ਤੇ ਮੱਧ ਪ੍ਰਦੇਸ਼ ਸਮੇਤ ਹੋਰ ਰਾਜਾਂ ਤੋਂ ਵੀ ਹੁੰਗਾਰਾ ਮਿਲਿਆ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਨੇ ਕੇਂਦਰ ਨੂੰ ਦੱਸ ਦਿੱਤਾ ਹੈ ਕਿ ਅੰਦੋਲਨ ਹੁਣ ਕੌਮੀ ਪੱਧਰ ਦੀ ਪਛਾਣ ਬਣਾ ਚੁੱਕਾ ਹੈ। ਕਿਸਾਨ ਆਗੂਆਂ ਮੁਤਾਬਕ ਕਿਸਾਨਾਂ ਦੇ ਪਰਿਵਾਰਾਂ ਨੇ ਬੱਚਿਆਂ ਸਮੇਤ ਕਿਸਾਨ ਅੰਦੋਲਨ ਦੇ ਇਸ ਪੜਾਅ ਦੌਰਾਨ ਪੱਟੜੀਆਂ ਮੱਲ ਕੇ ਕਿਸਾਨਾਂ ਦਾ ਸਾਥ ਦਿੱਤਾ। ਸਿੰਘੂ ਤੇ ਟਿਕਰੀ ਬਾਰਡਰਾਂ ਦੇ ਮੋਰਚਿਆਂ ਦੇ ਮੰਚਾਂ ਤੋਂ ਕਿਸਾਨ ਆਗੂਆਂ ਨੇ ਰੇਲ ਰੋਕੋ ਦੇ ਸ਼ਾਂਤਮਈ ਪੂਰਨ ਹੋਣ ਲਈ ਕਿਸਾਨਾਂ ਦਾ ਧੰਨਵਾਦ ਕੀਤਾ। ਕਿਸਾਨ ਆਗੂਆਂ ਨੇ ਦੱਸਿਆ ਕਿ ਕੁਰੁਕਸ਼ੇਤਰ ਰੇਲਵੇ ਟਰੈਕ, ਰੇਵਾੜੀ ਰੇਲਵੇ ਟਰੈਕ 'ਤੇ ਕਿਸਾਨਾਂ ਨੇ ਧਰਨਾ ਦਿੱਤਾ। ਇਸੇ ਤਰ੍ਹਾਂ ਹਰਿਦੁਆਰ ਸਪੈਸ਼ਲ ਮੇਰਠ ਵਿੱਚ, ਮੁੰਬਈ ਤੋਂ ਅੰਮ੍ਰਿਤਸਰ ਜਾ ਰਹੀ ਪੱਛਮ ਐਕਸਪ੍ਰੈਸ ਪਾਣੀਪਤ 'ਚ ਰੋਕੀ ਗਈ। ਕਿਸਾਨਾਂ ਨੇ ਯਮੁਨਾਨਗਰ, ਹਰਿਆਣਾ, ਉੜੀਸਾ ਦੇ ਬ੍ਰਹਮਾਪੁਰ, ਬਿਹਾਰ ਦੇ ਸ਼ੇਖਪੁਰਾ, ਮਹਾਰਾਸ਼ਟਰ ਵਿੱਚ ਔਰੰਗਾਬਾਦ, ਪੁਣੇ, ਜੰਮੂ ਅਤੇ ਕਰਨਾਲ 'ਚ ਵੀ ਰੇਲ ਟਰੈਕ ਜਾਮ ਕੀਤੇ।



## ਕੁੱਲ ਹਿੰਦ ਕਿਸਾਨ ਮਜ਼ਦੂਰ ਸਭਾ ਵੱਲੋਂ ਰੇਲ ਚੱਕਾ ਜਾਮ

ਕੁੱਲ ਹਿੰਦ ਕਿਸਾਨ ਮਜ਼ਦੂਰ ਸਭਾ ਨੇ ਦੇਸ਼ ਦੇ 10 ਸੂਬਿਆਂ ਵਿਚ ਚਾਰ ਘੰਟਿਆਂ ਲਈ ਰੇਲਾਂ ਰੋਕੀਆਂ। ਇਸ ਮੌਕੇ ਕੁੱਲ ਹਿੰਦ ਕਿਸਾਨ ਮਜ਼ਦੂਰ ਸਭਾ ਦੇ ਕੌਮੀ ਜਨਰਲ *(ਬਾਕੀ ਸਫ਼ਾ 8 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAid BC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

UDUPI PALACE
SOUTH INDIAN VEGETARIAN CUISINE
•Dosa •Idly •Wada •Curries •Biryani •Pakora •Thali •Chole Bhature
ORDER ONLINE www.udupirestaurant.ca
Uber eats DOORDASH SKIP THE DISHES
Open 7 Days 11:00am to 11pm
778-564-7705
#9 - 13767 72 Ave., Surrey

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸਾਈਮਨ ਫਰੇਜ਼ਰ ਯੂਨੀਵਰਸਿਟੀ 'ਤੇ ਸਾਈਬਰ ਹਮਲੇ ਵਿਚ ਵਿਦਿਆਰਥੀਆਂ ਦਾ ਡਾਟਾ ਚੋਰੀ

ਵਿਕਟੋਰੀਆ-ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਦਿਆਰਥੀਆਂ ਤੇ ਸਟਾਫ ਨੂੰ ਸੁਚੇਤ ਕਰ ਰਹੀ ਹੈ ਕਿ ਹਾਲ ਹੀ ਵਿਚ ਸਾਈਬਰ ਹਮਲੇ ਵਿਚ ਉਨ੍ਹਾਂ ਦਾ ਨਿੱਜੀ ਡਾਟਾ ਚੋਰੀ ਕੀਤਾ ਹੋ ਸਕਦਾ ਹੈ। ਬਰਨਬੀ ਆਧਾਰਤ ਯੂਨੀਵਰਸਿਟੀ ਨੇ ਕਿਹਾ ਕਿ ਹੈਕਰਾਂ ਨੇ ਕੰਪਿਊਟਰ ਸਰਵਰ 'ਤੇ ਸਪਰੈਡਸ਼ੀਟ ਡਾਟਾ ਤਕ ਪਹੁੰਚ ਕੀਤੀ ਹੈ ਜਿਸ ਵਿਚ ਮੌਜੂਦਾ ਤੇ ਸਾਬਕਾ ਵਿਦਿਆਰਥੀਆਂ, ਫੈਕੁਲਟੀ, ਸਟਾਫ ਤੇ ਵਿਦਿਆਰਥੀ ਬਿਨੈਕਾਰਾਂ ਦੇ ਨਿੱਜੀ ਜਾਣਕਾਰੀ ਰੱਖੀ ਹੋਈ ਹੈ। ਐਸਐਫਯੂ ਨੇ ਕਿਹਾ ਕਿ ਬੈਕਿੰਗ ਵੇਰਵੇ, ਸੋਸ਼ਲ ਇੰਸ਼ੂਰੈਂਸ ਨੰਬਰ ਜਾਂ ਪਾਸਵਰਡ ਤਾਂ ਹੱਥ ਨਹੀਂ ਲੱਗੇ ਕਿਉਂਕਿ ਸਪਰੈਡਸ਼ੀਟਸ ਵਿਚ ਵਿਦਿਆਰਥੀ/ਮੁਲਾਜ਼ਮ ਦੇ ਆਈਡੀ ਨੰਬਰ ਅਤੇ ਘੱਟੋ ਘੱਟ ਇਕ ਦੂਸਰਾ ਡਾਟਾ ਤੱਤ ਸ਼ਾਮਿਲ ਨਹੀਂ ਹੁੰਦਾ।

DREAMCAN
IMMIGRATION CONSULTING LTD.
"Giving wings to your dreams"
• LMIA • PNP
• Express Entry
• Student Visa
• Work Permit
• Visitor Visa
• Super Visa
• Citizenship
• Family Sponsorship
• Care Giver (Nanny)
• Refugee and Humanitarian
ਅਸੀਂ ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ
ਇਸ ਐਡ ਦਾ ਵੇਰਵਾ ਦੇਣ ਤੇ ਖਾਸ ਡਿਸਕਾਂਊਟ
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਸੱਟਡੀ ਪਰਮਿਟ
• ਵਰਕ ਪਰਮਿਟ
• ਵਿਜ਼ਟਰ ਵੀਜ਼ਾ
• ਸੁਪਰ ਵੀਜ਼ਾ
• ਸਿਟੀਜ਼ਨਸ਼ਿਪ
• ਫੈਮਲੀ ਸਪਾਂਸਰਸ਼ਿਪ
• ਨੈਨੀ
• ਰਿਫਿਊਜ਼ੀ (ਸ਼ਰਨਾਰਥੀ)
Loveleen Kaur Walia
Ph.D., RCIC
Regulated Canadian Immigration Consultant
604-598-8000
A member in good standing of CAPIC
#204 - 9093 King George Blvd., Surrey
info@dreamcan.ca | www.dreamcan.ca

JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |


HOUSE INSURANCE
UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for
Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

# ਵੈਨਕੂਵਰ ਤੇ ਸਰੀ ਹੈਂਡਗਨ 'ਤੇ ਪਾਬੰਦੀ ਲਾਉਣ ਲਈ ਤਿਆਰ

ਵਿਕਟੋਰੀਆ-ਮੈਟਰੋ ਵੈਨਕੂਵਰ ਵਿਚ ਵਧ ਰਹੀ ਗੈਂਗ ਹਿੰਸਾ ਕਾਰਨ ਬੀਸੀ ਦੇ ਦੋ ਵੱਡੇ ਸ਼ਹਿਰਾਂ ਦੇ ਮੇਅਰ ਫੈਡਰਲ ਸਰਕਾਰ ਵਲੋਂ ਕਾਨੂੰਨ ਪਾਸ ਕੀਤੇ ਜਾਣ ਦੀ ਨਾਲ ਹੀ ਹੈਂਡਗੰਨਜ 'ਤੇ ਪਾਬੰਦੀਆਂ ਲਈ ਤਿਆਰ ਬੈਠੇ ਹਨ ਪਰ ਇਕ ਮਾਹਿਰ ਦਾ ਕਹਿਣਾ ਕਿ ਇਸ ਤਰ੍ਹਾਂ ਦੀ ਪਾਬੰਦੀ ਨਾਲ ਗੈਂਗ ਹਿੰਸਾ ਨਹੀਂ ਰੁਕੇਗੀ ਕਿਉਂਕਿ ਗੈਂਗਸਟਰਸ ਪਹਿਲਾਂ ਹੀ ਹੈਂਡਗਨਸ ਲੈ ਕੇ ਸੰਘੀ ਕਾਨੂੰਨਾਂ ਨੂੰ ਤੋੜ ਰਹੇ ਹਨ। ਫੈਡਰਲ ਸਰਕਾਰ ਨੇ ਮੰਗਲਵਾਰ ਨੂੰ ਬੰਦੂਕਾਂ ਬਾਰੇ ਨਵੇਂ ਕਾਨੂੰਨ ਦਾ ਐਲਾਨ ਕੀਤਾ ਜਿਸ ਤਹਿਤ ਮਿਉਂਸਪਲਟੀਆਂ ਬਾਈਲਾਅਸ ਰਾਹੀਂ ਹੈਂਡਗਨਸ ਨੂੰ ਕੋਲ ਰੱਖਣ, ਸਟੋਰੇਜ ਅਤੇ ਇਧਰ ਉਧਰ ਢੋਆ ਢੁਆਈ ਕਰਨ 'ਤੇ ਪਾਬੰਦੀ ਲਾ ਸਕਣਗੀਆਂ। ਲਿਬਰਲ ਸਰਕਾਰ ਦਾ ਕਹਿਣਾ ਕਿ ਇਨ੍ਹਾਂ ਬਾਈਲਾਅਜ਼ ਨੂੰ ਲਾਗੂ ਕਰਨ ਲਈ ਮੋਟੀ ਸਜ਼ਾ ਦਾ ਪ੍ਰਬੰਧ ਹੋਵੇਗਾ ਜਿਸ ਵਿਚ ਮਿਉਂਸਪਲ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲੋਕਾਂ ਲਈ ਕੈਦ ਦੀ ਸਜ਼ਾ ਦੀ ਪ੍ਰਬੰਧ ਸ਼ਾਮਿਲ ਹੈ। ਵੈਨਕੂਵਰ ਦੇ ਮੇਅਰ ਕੈਨੇਡੀ ਸਟੇਵਾਰਟ ਨੇ ਸ਼ਹਿਰ ਵਿਚ ਹੈਂਡਗਨਸ 'ਤੇ ਪਾਬੰਦੀ ਲਾਉਣ ਲਈ ਇਨ੍ਹਾਂ ਨਵੀਆਂ ਤਾਕਤਾਂ ਦੀ ਵਰਤੋਂ ਕਰਨ ਲਈ ਕੌਂਸਲ ਨੂੰ ਕਹਿਣ ਦੀਆਂ ਯੋਜਨਾਵਾਂ ਦਾ ਤੁਰੰਤ ਐਲਾਨ ਕਰ ਦਿੱਤਾ ਹੈ। ਇਕ ਬਿਆਨ ਵਿਚ ਮੇਅਰ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਅਸਾਲਟ ਸ਼ੈਲੀ ਦੇ ਹਥਿਆਰਾਂ ਖਿਲਾਫ ਕਾਰਵਾਈ ਕਰਨ ਲਈ ਸ਼ਲਾਘਾ ਕਰਦੇ ਹਨ। ਸਰੀ ਦੇ ਮੇਅਰ ਡੱਗ ਮੈਕਲਮ ਨੇ ਵੀ ਕਿਹਾ ਕਿ ਉਹ ਆਪਣੀ ਮਿਉਂਸਪਲਟੀ ਵਿਚ ਹੈਂਡਗਨ 'ਤੇ ਪਾਬੰਦੀ ਲਾਉਣ ਦੀ ਹਮਾਇਤ ਕਰਦੇ ਹਨ। ਉਹ ਨਵਾਂ ਕਾਨੂੰਨ ਬਣਾਉਣ ਲਈ ਪ੍ਰਧਾਨ ਮੰਤਰੀ ਦੀ ਸ਼ਲਾਘਾ ਕਰਦੇ ਹਨ ਜਿਹੜਾ ਮਿਉਂਸਪਲਟੀਸ ਨੂੰ ਸਥਾਨਕ ਪੱਧਰ 'ਤੇ ਹੈਂਡਗੰਨ 'ਤੇ ਪਾਬੰਦੀਆਂ ਲਾਉਣ ਦੀ ਤਾਕਤ ਦਿੰਦਾ ਹੈ।



# ਲਿਬਰਲ ਤੇ ਕੰਸਰਵੇਟਿਵਾਂ ਨੇ ਟੀਕਾ ਨਿਰਮਾਣ ਦੀ ਘਾਟ ਨੂੰ ਲੈ ਕੇ ਉਠਾਈਆਂ ਉਂਗਲਾਂ

ਓਟਵਾ-ਲਿਬਰਲ ਤੇ ਕੰਸਰਵੇਟਿਵ ਐਮ ਪੀਜ ਨੇ ਕੈਨੇਡਾ ਦੇ ਟੀਕਾ ਉਤਪਾਦਨ ਦੀ ਘਾਟ ਲਈ ਇਕ ਦੂਸਰੇ 'ਤੇ ਦੋਸ਼ ਲਾਉਣ ਦਾ ਯਤਨ ਕੀਤਾ ਜਦਕਿ ਮਾਹਿਰ ਚਸ਼ਮਦੀਦਾਂ ਨੇ ਕਿਹਾ ਕਿ ਕਈ ਦਹਾਕਿਆਂ ਤੋਂ ਵਿਗਿਆਨਕ ਖੋਜ ਤੇ ਉਤਪਾਦਨ ਲਈ ਸਹਾਇਤਾ ਦੀ ਘਾਟ ਕਾਰਨ ਇਹ ਸਮੱਸਿਆ ਪੈਦਾ ਹੋਈ ਹੈ। ਹਾਊਸ ਆਫ ਕਾਮਨਜ਼ ਕਮੇਟੀ ਦੇ ਐਮ ਪੀਜ਼ ਕੈਨੇਡਾ ਦੀ ਘਰੇਲੂ ਟੀਕਾ ਸਮਰਥਾ ਘਾਟ ਹੱਲ ਕਰਨ ਬਾਰੇ ਮੀਟਿੰਗ ਕਰ ਰਹੇ ਸਨ। ਦੇਸ਼ ਵਿਚ ਟੀਕਾਕਰਣ ਹੁਣ ਤੱਕ ਸੁਸਤ ਚਲ ਰਿਹਾ ਹੈ ਕਿਉਂਕਿ ਅੰਤਰਰਾਸ਼ਟਰੀ ਸਪਲਾਈ ਵਿਚ ਨਿਯਮਤ ਰੂਪ ਵਿਚ ਦੇਰੀ ਹੋਈ ਹੈ ਅਤੇ ਕੈਨੇਡਾ ਦੂਸਰੇ ਦੇਸ਼ਾਂ ਤੋਂ ਪਿੱਛੇ ਰਹਿ ਗਿਆ ਹੈ। ਖੋਜੀਆਂ ਅਤੇ ਇੰਡਸਟਰੀ ਐਗਜ਼ੀਕਿਊਟਿਵ ਦੇ ਬਿਆਨ ਸੁਣਨ ਪਿੱਛੋਂ ਕੰਸਰਵੇਟਿਵ ਐਮ ਪੀ ਪੀਅਰ ਪੌਲ-ਹੁਸ ਨੇ ਕਿਹਾ ਕਿ ਮੌਜੂਦਾ ਸਰਕਾਰ ਟੀਕਿਆਂ ਦੀ ਖਰੀਦ ਵਿਚ ਅਸਫਲ ਹੋਈ ਹੈ।



UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

# ਸਰੀ ਦੇ ਕੌਂਸਲਰਾਂ ਨੇ ਸਰੀ ਪੁਲਿਸ ਟਰਾਂਜ਼ੀਸ਼ਨ ਖਿਲਾਫ ਲੜਾਈ ਸੂਬਾ ਪੱਧਰ 'ਤੇ ਛੇੜੀ

ਸਰੀ-ਕੌਸਲਰ ਜੈਕ ਹੁੰਦਲ ਅਤੇ ਬਰੈਂਡਾ ਲੌਕ ਨੇ ਸਰੀ ਪੁਲਿਸਿੰਗ ਟਰਾਂਜ਼ੀਸ਼ਨ ਖਿਲਾਫ ਆਪਣੀ ਲੜਾਈ ਸੂਬਾ ਪੱਧਰ ਤੱਕ ਲਿਜਾਂਦੇ ਹੋਏ ਸੂਬੇ ਭਰ ਵਿਚ ਸਥਾਨਕ ਸਰਕਾਰਾਂ ਤੱਕ ਪਹੁੰਚ ਕੀਤੀ ਹੈ। ਉਹ ਸਿਟੀ ਦੀ ਪੁਲਿਸ ਦੀ ਜ਼ਿੰਮੇਵਾਰੀ ਆਰਸੀਐਮਪੀ ਤੋਂ ਲੈ ਕੇ ਸ਼ਹਿਰ ਦੀ ਆਪਣੀ ਪੁਲਿਸ ਨੂੰ ਦੇਣ ਵਿਰੁੱਧ ਸਮੁੱਚੇ ਬੀ ਸੀ ਦੀਆਂ ਸਥਾਨਕ ਸਰਕਾਰਾਂ ਦੇ 1000 ਤੋਂ ਵੀ ਵੱਧ ਚੁਣੇ ਹੋਏ ਨੁਮਾਇੰਦਿਆਂ ਨੂੰ ਪੱਤਰ ਲਿਖ ਰਹੇ ਹਨ। 15 ਫਰਵਰੀ ਨੂੰ ਲਿਖੇ ਪੱਤਰਾਂ ਵਿਚ ਕੌਂਸਲਰਾਂ ਨੇ ਕਿਹਾ ਹੈ ਕਿ ਸੰਭਾਵਤ ਅਧਿਐਨ ਦੀ ਤੁਰੰਤ ਲੋੜ ਹੈ ਅਤੇ ਬੀ ਸੀ ਦੇ ਨਾਗਰਿਕ ਸਿਆਸਤਦਾਨਾਂ ਨੂੰ ਚਿਤਾਵਨੀ ਦਿੱਤੀ ਕਿ ਬੇਮਿਸਾਲ ਟਰਾਂਜ਼ੀਸ਼ਨ ਪ੍ਰਕਿਰਿਆ ਦਾ ਬੀ ਸੀ ਦੇ ਸਾਰੇ ਸ਼ਹਿਰਾਂ 'ਤੇ ਅਸਰ ਪਵੇਗਾ ਜਿਨ੍ਹਾਂ ਦੀ ਪੁਲਿਸ ਦੀ ਡਿਊਟੀ ਆਰ ਸੀ ਐਮ ਪੀ ਨਿਭਾਉਂਦੀ ਹੈ। ਇਸ ਪੱਤਰ ਵਿਚ ਦੱਸਿਆ ਗਿਆ ਕਿ ਆਰ ਸੀ ਐਮ ਪੀ ਡਵੀਜ਼ਨਲ ਪ੍ਰਬੰਧਕੀ ਖਰਚ ਸਾਰੇ ਆਰ ਸੀ ਐਮ ਪੀ ਅਧਿਕਾਰ ਖੇਤਰਾਂ ਨਾਲ ਸਾਂਝੇ ਕੀਤੇ ਜਾਣੇ ਹਨ। ਲੌਕ ਤੇ ਹੁੰਦਲ ਨੇ ਕਿਹਾ ਕਿ ਸਰੀ ਵਿਚ ਲਗਪਗ 850 ਆਰ ਸੀ ਐਮ ਪੀ ਮੈਂਬਰਾਂ ਜਿਹੜੇ ਬੀ ਸੀ ਵਿਚ ਆਰ ਸੀ ਐਮ ਪੀ ਦਾ ਲਗਪਗ 15 ਫ਼ੀਸਦੀ ਬਣਦੇ ਹਨ ਨੂੰ ਹਟਾਉਣ ਨਾਲ ਇਸ ਦਾ ਖਰਚ ਸੂਬੇ ਵਿਚ ਬਾਕੀ ਆਰ ਸੀ ਐਮ ਪੀ ਡਿਟੈਚਮੈਂਟ ਵਿਚ ਵੰਡਿਆ ਜਾਵੇਗਾ। ਸਰੀ ਪੁਲਿਸ ਟਰਾਂਜ਼ੀਸ਼ਨ ਦਾ ਵਿੱਤੀ ਅਸਰ ਅਜੇ ਤੈਅ ਨਹੀਂ ਹੋਇਆ ਪਰ ਬਿਨਾਂ ਸ਼ੱਕ ਇਸ ਦਾ ਹਰੇਕ ਮਿਉਂਸਪਲਿਟੀ 'ਤੇ ਭਾਰ ਪਵੇਗਾ। ਪੱਤਰ ਵਿਚ ਬੀ ਸੀ ਦੇ ਸਿਆਸਤਦਾਨਾਂ ਨੂੰ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਲਈ ਸਰੀ ਪੁਲਿਸਿੰਗ ਟਰਾਂਜ਼ੀਸ਼ਨ ਦੇ ਅਸਰ ਦਾ ਅਧਿਐਨ ਕਰਵਾਏ ਕਿ ਇਸ ਦਾ ਉਨ੍ਹਾਂ ਦੀ ਆਪਣੀ ਕਮਿਊਨਿਟੀ, ਖੇਤਰ 'ਤੇ ਨਾਂਹਪੱਖੀ ਪ੍ਰਭਾਵ ਨਹੀਂ ਪਵੇਗਾ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਜਨਤਕ ਸੁਰੱਖਿਆ ਅਸਥਿਰ ਨਹੀਂ ਹੋਵੇਗੀ।




# ਸਟੋਰਾਂ 'ਚ ਚੋਰੀਆਂ ਦੀ ਜਾਂਚ ਦੌਰਾਨ ਪੁਲਿਸ ਵਲੋਂ 130 ਵਿਅਕਤੀ ਗ੍ਰਿਫ਼ਤਾਰ

ਵੈਨਕੂਵਰ-ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੇ ਹਿੰਸਕ ਤੇ ਵੱਡੀ ਮਾਤਰਾ ਵਿਚ ਸਮਾਨ ਚੋਰੀ ਕਰਨ ਵਾਲੇ ਚੋਰਾਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਮਹੀਨੇ ਭਰ ਦੀ ਜਾਂਚ ਵਿਚ 130 ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਤੋਂ 37000 ਡਾਲਰ ਤੋਂ ਵੀ ਵੱਧ ਦਾ ਸਮਾਨ ਬਰਾਮਦ ਕੀਤਾ ਹੈ। ਚਾਰ ਹਫ਼ਤਿਆਂ ਦੀ ਪਹਿਲਕਦਮੀ ਜਿਸ ਨੂੰ ਪ੍ਰਾਜੈਕਟ ਐਰੋ ਦਾ ਨਾਂਅ ਦਿੱਤਾ ਗਿਆ ਦੌਰਾਨ ਵੀਪੀਡੀ ਨੇ ਕਿਹਾ ਕਿ ਉਸ ਨੇ ਸ਼ਹਿਰ ਦੇ ਡਾਊਨਟਾਊਨ ਵਿਚ ਚੋਰੀਆਂ ਦੀ ਭਰਮਾਰ ਨਾਲ ਨਜਿੱਠਣ ਲਈ ਰਿਟੇਲਰਸ ਤੇ ਸਟੋਰ ਸਕਿਉਰਟੀ ਨਾਲ ਨੇੜਿਓਂ ਮਿਲ ਕੇ ਕੰਮ ਕੀਤਾ ਹੈ। ਪਿਛਲੇ ਸਾਲ ਡਾਊਨਟਾਊਨ ਵਿਚ ਚੋਰੀਆਂ 'ਚ 260 ਫ਼ੀਸਦੀ ਵਾਧਾ ਹੋਇਆ ਸੀ ਅਤੇ ਚੋਰੀ ਦੀਆਂ ਘਟਨਾਵਾਂ ਵਿਚ ਬੀਅਰ ਸਪਰੇਅ, ਚਾਕੂਆਂ, ਸੂਈਆਂ ਅਤੇ ਬੰਦੂਕਾਂ ਦੀ ਵਰਤੋਂ ਕੀਤੀ ਗਈ ਸੀ। ਚਾਰ ਹਫ਼ਤਿਆਂ ਦੀ ਪਹਿਲਕਦਮੀ ਜਿਹੜੀ 12 ਫਰਵਰੀ ਨੂੰ ਖਤਮ ਹੋਈ ਦੌਰਾਨ ਪੁਲਿਸ ਨੇ ਚੋਰੀ ਦੀਆਂ 250 ਘਟਨਾਵਾਂ ਦੀ ਜਾਂਚ ਕੀਤੀ ਅਤੇ ਸਿੱਟੇ ਵਜੋਂ 130 ਗ੍ਰਿਫ਼ਤਾਰੀਆਂ ਹੋਈਆਂ ਅਤੇ 268 ਅਪਰਾਧਿਕ ਦੋਸ਼ਾਂ ਦੀ ਸਿਫਾਰਸ਼ ਕੀਤੀ ਗਈ। ਪੁਲਿਸ ਨੇ ਦੱਸਿਆ ਕਿ 45 ਅਪਰਾਧੀ ਤਾਂ ਉਨ੍ਹਾਂ ਦੀ ਗ੍ਰਿਫ਼ਤਾਰੀ ਸਮੇਂ ਜ਼ਮਾਨਤ ਸ਼ਰਤਾਂ ਦੀ ਉਲੰਘਣਾ ਵਿਚ ਲੋੜੀਂਦੇ ਸੀ ਜਾਂ ਉਲੰਘਣਾ ਕਰਦੇ ਫੜੇ ਗਏ। ਵੀਪੀਡੀ ਨੇ ਦੱਸਿਆ ਕਿ 37093 ਡਾਲਰ ਦਾ ਸੌਦਾ ਵਪਾਰੀਆਂ ਨੂੰ ਵਾਪਸ ਕਰ ਦਿੱਤਾ ਗਿਆ ਅਤੇ ਪ੍ਰਾਜੈਕਟ ਐਰੋ ਦੌਰਾਨ 35 ਹਥਿਆਰ ਜ਼ਬਤ ਕੀਤੇ ਗਏ।




# ਭਾਰਤ ਵਿਚ ਲਗਾਤਾਰ ਕਿਉਂ ਘਟ ਰਹੇ ਹਨ ਕੋਵਿਡ-19 ਦੇ ਮਾਮਲੇ ?



ਨਵੀਂ ਦਿੱਲੀ-ਭਾਰਤ ਵਿਚ ਕੋਵਿਡ-19 ਮਾਮਲੇ ਨਾਟਕੀ ਢੰਗ ਨਾਲ ਘੱਟ ਰਹੇ ਹਨ ਅਤੇ ਮੈਡੀਕਲ ਮਾਹਿਰ ਹੈਰਾਨ ਹਨ ਕਿ ਅਜਿਹਾ ਕਿਉਂ ਹੋ ਰਿਹਾ ਹੈ। ਸਿਰਫ 9000 ਕੇਸ ਵਧੇ ਜਿਹੜੇ ਸਤੰਬਰ ਵਿਚ ਰੋਜ਼ ਦਰਜ ਕੀਤੇ ਜਾਂਦੇ ਲਗਪਗ ਇਕ ਲੱਖ ਮਾਮਲਿਆਂ ਤੋਂ ਕਾਫੀ ਘੱਟ ਹੈ। ਮਾਸਕ ਨਾ ਪਹਿਨਣ ਕਾਰਨ ਫੜੇ ਜਾਣ 'ਤੇ ਸਖਤ ਜ਼ੁਰਮਾਨੇ ਇਸ ਦਾ ਇਕ ਕਾਰਨ ਹੋ ਸਕਦਾ ਹੈ। ਇਕ ਹੋਰ ਕਾਰਨ ਹੈ ਕਿ ਕੁਝ ਖੇਤਰਾਂ ਵਿਚ ਹਰਡ ਇਮਊਨਿਟੀ ਬਣ ਗਈ ਹੋ ਸਕਦੀ ਹੈ। ਕੁਝ ਮਾਹਿਰਾਂ ਦਾ ਕਹਿਣਾ ਕਿ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਭਾਰਤੀਆਂ ਦੇ ਪਹਿਲਾਂ ਹੀ ਹੈਜ਼ਾ, ਤਪਦਿਕ ਜਾਂ ਟੀਬੀ ਦੀ ਬਿਮਾਰੀ ਦੀ ਲਪੇਟ ਵਿਚ ਆਏ ਹੋਣ ਕਾਰਨ ਸ਼ੁਰੂਆਤੀ ਇਮਊਨ ਹੁੰਗਾਰਾ ਮਜ਼ਬੂਤ ਹੋ ਸਕਦਾ ਹੈ। ਲਾਗ ਦੇ ਮਾਮਲਿਆਂ ਦੇ ਗਿਣਤੀ ਘਟਣ ਪਿੱਛੇ ਕਾਰਨ ਦਾ ਪਤਾ ਲਾਉਣ ਨਾਲ ਅਧਿਕਾਰੀਆਂ ਨੂੰ ਦੇਸ਼ ਵਿਚ ਵਾਇਰਸ ਨੂੰ ਕੰਟਰੋਲ ਕਰਨ ਵਿਚ ਮਦਦ ਮਿਲ ਸਕਦੀ ਹੈ ਜਿਥੇ ਲਗਪਗ ਇਕ ਕਰੋੜ 10 ਲੱਖ ਮਾਮਲੇ ਦਰਜ ਕੀਤਾ ਗਏ ਅਤੇ 150000 ਤੋਂ ਜ਼ਿਆਦਾ ਮੌਤਾਂ ਹੋਈਆਂ ਹਨ। ਅਮਰੀਕਾ ਵਿਚ ਸਭ ਤੋਂ ਵੱਧ ਕੋਵਿਡ-19 ਮਾਮਲੇ ਦਰਜ ਕੀਤੇ ਗਏ ਅਤੇ 486000 ਮੌਤਾਂ ਹੋਈਆਂ ਹਨ। ਭਾਰਤ ਦੀ ਅਸ਼ੋਕਾ ਯੂਨੀਵਰਸਿਟੀ ਵਿਖੇ ਵਾਇਰਸਾਂ ਦਾ ਅਧਿਐਨ ਕਰ ਰਹੇ ਡਾ. ਸ਼ਾਹਿਦ ਜਮੀਲ ਨੇ ਕਿਹਾ ਕਿ ਜੇਕਰ ਸਾਨੂੰ ਇਸ ਦੇ ਕਾਰਨ ਦਾ ਪਤਾ ਨਾ ਹੋਵੇ ਤਾਂ ਅਨਜਾਣੇ ਵਿਚ ਉਹ ਗੱਲਾਂ ਕਰ ਸਕਦੇ ਹਾਂ ਜਿਸ ਨਾਲ ਬਿਮਾਰੀ ਫੈਲ ਸਕਦੀ ਹੈ। ਨਵੀਂ ਦਿੱਲੀ ਵਿਚ ਵੈਂਟੀਲੇਟਰਸ ਵਾਲੇ ਆਈਸੀਯੂ ਬੈੱਡਸ ਦੀ ਗਿਣਤੀ ਨਵੰਬਰ ਵਿਚ 90 ਫ਼ੀਸਦੀ ਤੋਂ ਘਟ ਕੇ ਪਿਛਲੇ ਹਫਤੇ ਸਿਰਫ 16 ਫ਼ੀਸਦੀ 'ਤੇ ਰਹਿ ਗਈ ਹੈ। ਭਾਰਤ ਵਿਚ ਟੀਕਾਕਰਨ ਜਨਵਰੀ ਵਿਚ ਸ਼ੁਰੂ ਹੋਇਆ ਹੈ ਅਤੇ ਟੀਕਾਕਰਨ ਨੂੰ ਇਸ ਦੇ ਸੰਭਾਵਤ ਸਪਸ਼ਟੀਕਰਨ ਵਜੋਂ ਰੱਦ ਕੀਤਾ ਗਿਆ ਹੈ। ਇਸ ਦਾ ਇਕ ਕਾਰਨ ਇਹ ਹੋ ਸਕਦਾ ਹੈ ਕਿ ਕੁਝ ਇਲਾਕਿਆਂ ਵਿਚ ਹਰਡ ਇਮਊਨਿਟੀ ਪੈਦਾ ਹੋ ਗਈ ਹੈ।




# ਮੀਡੀਆ ਟਰਾਇਲ ਖ਼ਿਲਾਫ਼ ਹਾਈ ਕੋਰਟ ਪੁੱਜੀ ਦਿਸ਼ਾ ਰਵੀ

ਨਵੀਂ ਦਿੱਲੀ-ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਨਾਲ ਸਬੰਧਤ 'ਟੂਲਕਿੱਟ' ਨੂੰ ਅੱਗੇ ਸਾਂਝਿਆਂ ਕਰਨ ਦੇ ਮਾਮਲੇ 'ਚ ਕਥਿਤ ਸ਼ਮੂਲੀਅਤ ਲਈ ਗ੍ਰਿਫ਼ਤਾਰ ਵਾਤਾਵਰਨ ਕਾਰਕੁਨ ਰਵੀ ਦਿਸ਼ਾ ਦੇ ਅੱਜ ਹਾਈ ਕੋਰਟ ਦਾ ਰੁਖ਼ ਕਰਦਿਆਂ ਉਸ ਖ਼ਿਲਾਫ਼ ਦਰਜ ਐੱਫ ਆਈ ਆਰ ਦੀ ਜਾਂਚ ਨਾਲ ਜੁੜੀ ਸਮੱਗਰੀ ਨੂੰ ਪੁਲੀਸ ਵੱਲੋਂ ਮੀਡੀਆ ਵਿੱਚ ਲੀਕ ਕੀਤੇ ਜਾਣ ਤੋਂ ਰੋਕਣ ਦੀ ਮੰਗ ਕੀਤੀ ਹੈ। ਹਾਈ ਕੋਰਟ ਨੇ ਰਵੀ ਦਿਸ਼ਾ ਦੀ ਪਟੀਸ਼ਨ 'ਤੇ ਦੋ ਮੀਡੀਆ ਸੰਸਥਾਵਾਂ ਨੂੰ ਨੋਟਿਸ ਜਾਰੀ ਕੀਤਾ ਹੈ। ਉਧਰ ਦਿੱਲੀ ਪੁਲੀਸ ਨੇ ਆਪਣੇ ਵਕੀਲ ਰਾਹੀਂ ਦਾਅਵਾ ਕੀਤਾ ਹੈ ਕਿ ਉਸ ਨੇ ਅਜਿਹੀ ਕੋਈ ਜਾਣਕਾਰੀ ਮੀਡੀਆ 'ਚ ਲੀਕ ਨਹੀਂ ਕੀਤੀ। ਕੇਸ 'ਤੇ ਸੁਣਵਾਈ ਸ਼ੁੱਕਰਵਾਰ ਨੂੰ ਜਾਰੀ ਰਹੇਗੀ। ਜਸਟਿਸ ਪ੍ਰਤਿਭਾ ਐੱਮ.ਸਿੰਘ ਕੋਲ ਸੂਚੀਬੱਧ ਹੋਈ ਇਸ ਪਟੀਸ਼ਨ ਵਿੱਚ ਵਾਤਾਵਰਨ ਕਾਰਕੁਨ ਨੇ ਵੱਟਸਐਪ ਉਤੇ ਉਹਦੇ ਤੇ ਤੀਜੀ ਧਿਰਾਂ ਦਰਮਿਆਨ ਹੋਈ ਪ੍ਰਾਈਵੇਟ ਚੈਟ ਸਮੇਤ ਚੈਟ ਦੇ ਕਿਸੇ ਵੀ ਅੰਸ਼ ਜਾਂ ਵਿਸ਼ਾ ਵਸਤੂ ਨੂੰ ਮੀਡੀਆ ਵਿੱਚ ਪ੍ਰਕਾਸ਼ਿਤ ਨਾ ਕੀਤੇ ਜਾਣ ਦੀ ਮੰਗ ਕੀਤੀ ਹੈ। ਰਵੀ ਨੇ ਆਪਣੇ ਵਕੀਲ ਰਾਹੀਂ ਦਾਇਰ ਪਟੀਸ਼ਨ ਵਿੱਚ ਕਿਹਾ ਕਿ ਉਹ ਆਪਣੀ ਗ੍ਰਿਫ਼ਤਾਰੀ ਨੂੰ ਲੈ ਕੇ ਮੀਡੀਆ 'ਚ ਚੱਲ ਰਹੇ ਟਰਾਇਲ ਤੋਂ ਬਹੁਤ ਔਖੀ ਤੇ ਇਹ ਕਾਰਵਾਈ ਪੂਰੀ ਤਰ੍ਹਾਂ ਪੱਖਪਾਤੀ ਹੈ। ਵਾਤਾਵਰਨ ਕਾਰਕੁਨ ਨੇ ਕਿਹਾ ਕਿ ਇਸ ਮੀਡੀਆ ਟਰਾਇਲ 'ਚ ਪੁਲੀਸ ਤੇ ਕਈ ਮੀਡੀਆ ਹਾਊਸਾਂ ਵੱਲੋਂ ਉਸ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹੈ। ਉਸ ਨੇ ਦਾਅਵਾ ਕੀਤਾ ਕਿ ਦਿੱਲੀ ਪੁਲੀਸ ਦੇ ਸਾਈਬਰ ਸੈੱਲ ਵੱਲੋਂ 13 ਫਰਵਰੀ ਨੂੰ ਬੰਗਲੂਰੂ ਤੋਂ ਕੀਤੀ ਗਈ ਉਸ ਦੀ ਗ੍ਰਿਫ਼ਤਾਰੀ 'ਪੂਰੀ ਤਰ੍ਹਾਂ ਗੈਰਕਾਨੂੰਨੀ ਤੇ ਬੇਬੁਨਿਆਦ ਸੀ।' ਰਵੀ ਨੇ ਕਿਹਾ, 'ਮੌਜੂਦਾ ਹਾਲਾਤ ਦੇ ਮੱਦੇਨਜ਼ਰ ਇਸ ਗੱਲ ਦੀ ਵੱਡੀ ਸੰਭਾਵਨਾ ਹੈ ਕਿ ਆਮ ਲੋਕ ਟੀਵੀ ਚੈਨਲਾਂ 'ਤੇ ਚੱਲ ਰਹੀਆਂ ਖ਼ਬਰਾਂ ਨੂੰ ਫੈਸਲਾਕੁਨ ਮੰਨਦਿਆਂ ਉਸ ਨੂੰ ਦੋਸ਼ੀ ਮੰਨ ਲੈਣ। ਲਿਹਾਜ਼ਾ ਇਨ੍ਹਾਂ ਹਾਲਾਤ ਵਿੱਚ ਪ੍ਰਤੀਵਾਦੀਆਂ (ਪੁਲੀਸ) ਨੂੰ ਮੇਰੀ ਨਿੱਜਤਾ ਦਾ ਹੋਰ ਉਲੰਘਣ ਕਰਨ ਤੋਂ ਰੋਕਣ ਲਈ, ਅਤੇ ਨਿਰਪੱਖ ਟਰਾਇਲ ਦੇ ਮੇਰੇ ਹੱਕ ਲਈ ਮੈਂ ਇਹ ਪਟੀਸ਼ਨ ਦਾਖ਼ਲ ਕਰ ਰਹੀ ਹਾਂ।



# ਟਾਈਮ ਟੀਵੀ ਦੇ ਡਾਇਰੈਕਟਰ ਸਤਬੀਰ ਸਿੰਘ ਦਰਦੀ ਦੇ ਸਦੀਵੀ ਵਿਛੋੜੇ ਉਪਰ ਦੁੱਖ ਦਾ ਪ੍ਰਗਟਾਵਾ

ਸਰੀ (ਹਰਦਮ ਮਾਨ)-ਚੜ੍ਹਦੀ ਕਲਾ ਟਾਈਮ ਟੀਵੀ ਗਰੁੱਪ ਦੇ ਚੇਅਰਮੈਨ ਸ। ਜਗਜੀਤ ਸਿੰਘ ਦਰਦੀ ਦੇ ਛੋਟੇ ਸਪੁੱਤਰ ਅਤੇ ਟਾਈਮ ਟੀਵੀ ਦੇ ਡਾਇਰੈਕਟਰ ਸ। ਸਤਬੀਰ ਸਿੰਘ ਦਰਦੀ ਦੇ ਅਚਾਨਕ ਸਦੀਵੀ ਵਿਛੋੜੇ ਉਪਰ ਸਰੀ ਅਤੇ ਵੈਨਕੂਵਰ ਦੇ ਕਈ ਸਾਹਿਤਕਾਰਾਂ, ਵਿਦਵਾਨਾਂ, ਪੱਤਰਕਾਰਾਂ ਨੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ ਅਤੇ ਦਰਦੀ ਪਰਿਵਾਰ ਨਾਲ ਦਿਲੀ ਹਮਦਰਦੀ ਜ਼ਾਹਰ ਕੀਤੀ ਹੈ। ਇਕ ਸ਼ੋਕ ਸੁਨੇਹੇ ਰਾਹੀਂ ਹਰਿਦਰਸ਼ਨ ਮੈਮੋਰੀਅਲ ਟਰੱਸਟ ਕੈਨੇਡਾ ਦੇ ਬਾਨੀ ਅਤੇ ਪ੍ਰਸਿੱਧ ਵਿਦਵਾਨ ਸ। ਜੈਤੇਗ ਸਿੰਘ ਅਨੰਤ, ਸਾਬਕਾ ਲੋਕ ਸੰਪਰਕ ਅਫਸਰ ਸ। ਉਜਾਗਰ ਸਿੰਘ, ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਫਾਊਂਡਰ ਪ੍ਰਧਾਨ ਸ। ਗਿਆਨ ਸਿੰਘ ਸੰਧੂ, ਗੁਰਦੁਆਰਾ ਸਾਹਿਬ ਬਰੁੱਕਸਾਈਡ, ਸਰੀ ਦੇ ਪ੍ਰਧਾਨ ਸ। ਸੁਰਿੰਦਰ ਸਿੰਘ ਜੱਬਲ, ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ, ਰੌਸ ਸਟਰੀਟ ਵੈਨਕੂਵਰ ਦੇ ਸਾਬਕਾ ਪ੍ਰਧਾਨ ਸ। ਦਲਜੀਤ ਸਿੰਘ ਸੰਧੂ, ਪੰਜਾਬੀ ਹੈਰੀਟੇਜ ਨਿਊਜ਼ ਪੇਪਰ ਦੇ ਸੰਪਾਦਕ ਲਖਬੀਰ ਸਿੰਘ ਖੰਗੂੜਾ, ਚੜ੍ਹਦੀ ਕਲਾ ਟਾਈਮ ਟੀਵੀ, ਬੀਸੀ ਦੇ ਚੀਫ ਬਿ ?ਰੋ ਹਰਦਮ ਸਿੰਘ ਮਾਨ, ਸੁਰਿੰਦਰ ਸਿੰਘ ਗੋਰੀ ਅਤੇ ਜਰਨੈਲ ਸਿੰਘ ਸਿੱਧੂ ਨੇ ਸਤਬੀਰ ਸਿੰਘ ਦੇ ਅਕਾਲ ਚਲਾਣੇ ਉਪਰ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ। ਜਗਜੀਤ ਸਿੰਘ ਦਰਦੀ, ਸ। ਹਰਪ੍ਰੀਤ ਸਿੰਘ ਦਰਦੀ ਅਤੇ ਸਮੂਹ ਦਰਦੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਸ। ਜੈਤੇਗ ਸਿੰਘ ਅਨੰਤ ਨੇ ਕਿਹਾ ਕਿ ਅਜੇ ਪਿਛਲੇ ਸਾਲ ਹੀ ਸਤਬਰੀ ਸਿੰਘ ਦਰਦੀ ਸਰੀ ਵਿਖੇ ਆਏ ਸਨ ਤਾਂ ਹਰਿਦਰਸ਼ਨ ਮੈਮੋਰੀਅਲ ਟਰੱਸਟ ਨੂੰ ਉਸ ਦਾ ਮਾਨ ਸਨਮਾਨ ਕਰਨ ਦਾ ਫ਼ਖ਼ਰ ਹਾਸਲ ਹੋਇਆ। ਉਹ ਬਹੁਤ ਹੀ ਖ਼ੁਸ਼ਦਿਲ ਅਤੇ ਨੇਕ ਇਨਸਾਨ ਸੀ। ਉਸ ਦਾ ਇਸ ਤਰ੍ਹਾਂ ਛੋਟੀ ਉਮਰ ਵਿਚ ਚਲੇ ਜਾਣਾ ਸਿਰਫ ਦਰਦੀ ਪਰਿਵਾਰ ਲਈ ਹੀ ਨਹੀਂ ਸਗੋਂ ਇਸ ਪਰਿਵਾਰ ਨਾਲ ਸਿਨੇਹ ਰੱਖਣ ਵਾਲੇ ਹਰ ਵਿਅਕਤੀ ਲਈ ਬੇਹੱਦ ਅਸਹਿ ਹੈ। ਇਕ ਵੱਖਰੇ ਸੁਨੇਹੇ ਰਾਹੀਂ ਸੁੱਖੀ ਬਾਠ ਮੋਟਰਜ਼ ਦੇ ਬਾਨੀ ਸੁੱਖੀ ਬਾਠ ਨੇ ਵੀ ਸਤਬੀਰ ਸਿੰਘ ਦਰਦੀ ਵੱਲੋਂ ਅਚਾਨਕ ਅਲਵਿਦਾ ਕਹਿ ਜਾਣ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਦਰਦੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਬਹੁਤ ਹੀ ਸਤਿਕਾਰਤ ਅਤੇ ਨਿੱਘੇ ਦਰਦੀ ਪਰਿਵਾਰ ਨੂੰ ਇਕ ਬਹੁਤ ਵੱਡਾ ਅਤੇ ਅਸਹਿ ਸਦਮਾ ਹੈ। ਏਐਮਸੀ ਇੰਸ਼ੋਰੈਂਸ, ਸਰੀ ਦੇ ਪ੍ਰੈਜ਼ੀਡੈਂਟ ਸ. ਜਸਵਿੰਦਰ ਸਿੰਘ ਪਰਮਾਰ ਨੇ ਸਤਬੀਰ ਸਿੰਘ ਦਰਦੀ ਦੇ ਅਚਾਨਕ ਵਿਛੋੜੇ ਨੂੰ ਬਹੁਤ ਹੀ ਦੁਖਦਾਈ ਅਤੇ ਅਸਹਿ ਦਸਦਿਆਂ ਦਰਦੀ ਪਰਿਵਾਰ ਨਾਲ ਆਪਣੀ ਦਿਲੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ।




ਆਪਣੇ ਘਰ ਨੂੰ ਸੁਰੱਖਿਅਤ ਬਣਾਓ

Super Bug
PEST CONTROL

ਅਸੀ ਹੇਠ ਲਿਖੀਆਂ ਸੇਵਾਵਾਂ 'ਚ ਮਾਹਰ ਹਾਂ:

- ਕੀੜੀਆਂ
- ਬੈਡ ਦੇ ਖਟਮਲ ਤੋਂ ਨਿਅੰਤਰਣ
- ਪੰਛੀਆਂ ਤੋਂ ਨਿਅੰਤਰਣ
- ਮਧੂਮੱਖੀਆਂ ਤੋਂ ਨਿਅੰਤਰਣ
- ਕਾਕਰਚ
- ਮੱਖੀਆਂ ਤੇ ਜੂਆਂ
- ਰਕੂਨਸ ਤੇ ਗਿਲਿਹਰੀਆਂ
- ਚੂਹਿਆਂ, ਮਕੜੀਆਂ ਤੇ ਜੰਗਲੀ ਜਨਜੀਵਨ ਤੋਂ ਨਿਅੰਤਰਣ

RESIDENTIAL PEST CONTROL

ਮੋਹੰਮਦ ਅਵਾਨ
ਸਰਟੀਫਾਈਡ ਸਰਵਿਸ ਸਪੈਸ਼ਲਿਸਟ

info@superbugpest.com
www.superbugpest.com
Ph: 604-614-8008

ਪ੍ਰੋਫ਼ੈਸ਼ਨਲ ਸੇਵਾਵਾਂ ਵਾਜਬ ਦਾਮ


# ਕਿਸਾਨ ਅੰਦੋਲਨ ਨੂੰ ਸਮਰਪਿਤ ਰਹੀ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੀਟਿੰਗ

## ਜਸਵੰਤ ਸਿੰਘ ਕੰਵਲ ਅਤੇ ਦਲੀਪ ਕੌਰ ਟਿਵਾਣਾ ਨੂੰ ਸ਼ਰਧਾਂਜਲੀ

ਸਰੀ (ਹਰਦਮ ਮਾਨ)-ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਮਾਸਿਕ ਮੀਟਿੰਗ ਕਿਸਾਨ ਅੰਦੋਲਨ ਨੂੰ ਸਮਰਪਿਤ ਰਹੀ। ਮੀਟਿੰਗ ਦੇ ਸ਼ੁਰੂਆਤ ਵਿਚ ਪੇਸ਼ ਕੀਤੇ ਸ਼ੋਕ ਮਤਿਆਂ ਰਾਹੀਂ ਸਭਾ ਦੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਦੀ ਛੋਟੀ ਭੈਣ ਬਲਜਿੰਦਰ ਕੌਰ ਅਤੇ ਪਿਕਸ ਸੰਸਥਾ ਦੇ ਬਾਨੀ ਚਰਨਪਾਲ ਗਿੱਲ ਦੀ ਮੌਤ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਨਾਮਵਰ ਨਾਵਲਕਾਰ ਜਸਵੰਤ ਸਿੰਘ ਕੰਵਲ ਅਤੇ ਨਾਵਲਕਾਰ ਡਾ: ਦਲੀਪ ਕੌਰ ਟਿਵਾਣਾ ਦੀ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਦੇ ਮੁੱਖ ਬੁਲਾਰੇ ਸੁਰਿੰਦਰ ਧੰਜਲ ਨੇ ਭਾਰਤੀ ਕਿਸਾਨਾਂ ਦੇ ਅੰਦੋਲਨ ਬਾਰੇ ਗੱਲਬਾਤ ਕਰਦਿਆਂ ਸਰਕਾਰ ਵੱਲੋਂ ਪਾਸ ਕੀਤੇ ਖੇਤੀ ਬਿੱਲਾਂ ਬਾਰੇ, ਇਹਨਾਂ ਕਾਰਨ ਕਿਸਾਨਾਂ ਤੇ ਪੈਣ ਵਾਲੇ ਅਸਰ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਹੁਣ ਤੱਕ ਦੇ ਅੰਦੋਲਨ ਬਾਰੇ, ਇਸ ਦੀ ਦਿਸ਼ਾ ਅਤੇ ਸੰਭਾਵਨਾ ਬਾਰੇ ਵੀ ਵਿਸਥਾਰ ਸਹਿਤ ਚਰਚਾ ਕੀਤੀ ਅਤੇ ਲੇਖਕਾਂ ਨੂੰ ਇਸ ਅੰਦੋਲਨ ਦਾ ਸਮਰਥਨ ਕਰਨ ਲਈ ਕਿਹਾ। ਪ੍ਰਿੰਸੀਪਲ ਸੁਰਿੰਦਰ ਪਾਲ ਕੌਰ ਬਰਾੜ ਨੇ ਨਾਵਲਕਾਰ ਜਸਵੰਤ ਸਿੰਘ ਕਵੰਲ ਅਤੇ ਨਾਵਲਕਾਰ ਦਲੀਪ ਕੌਰ ਟਿਵਾਣਾ ਦੀ ਜੀਵਨੀ ਅਤੇ ਸਾਹਿਤਕ ਯੋਗਦਾਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਦਰਸ਼ਨ ਸੰਘਾ ਨੇ ਪਿਕਸ ਦੇ ਬਾਨੀ ਚਰਨ ਪਾਲ ਗਿੱਲ ਦੀ ਸਮਾਜ ਨੂੰ ਦੇਣ, ਪ੍ਰਾਪਤੀਆਂ ਅਤੇ ਜੀਵਨੀ ਬਾਰੇ ਸੰਖੇਪ ਵਿਚ ਵਿਚਾਰ ਪੇਸ਼ ਕੀਤੇ। ਮਹਿਮਾਨ ਸਤਵੰਤ ਦੀਪਕ, ਲਾਟ ਭਿੰਡਰ, ਕੁਲਦੀਪ ਗਿੱਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਕਾਵਿਕ ਦੌਰ ਵਿਚ ਹਰਸ਼ਰਨ ਕੌਰ, ਕਰਨਲ ਹਰਜੀਤ ਬੱਸੀ, ਪਰਮਿੰਦਰ ਸਵੈਚ, ਰੁਪਿੰਦਰ ਰੂਪੀ, ਸਾਹਿਤ ਸਭਾ ਸਿਆਟਲ ਦੀ ਸਤਵੀਰ ਕੌਰ, ਇੰਦਰਜੀਤ ਸਿੰਘ ਧਾਮੀ, ਪ੍ਰਿਤਪਾਲ ਗਿੱਲ, ਸੁੱਖੀ ਸਿੱਧੂ, ਹਰਚੰਦ ਬਾਗੜੀ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸੁਰਜੀਤ ਸਿੰਘ ਮਾਧੋਪੁਰੀ ਨੇ ਸੁਰਜੀਤ ਪਾਤਰ ਦੀ ਕਵਿਤਾ ਤਰੰਨਮ ਵਿਚ ਪੇਸ਼ ਕੀਤੀ। ਹਾਜ਼ਰ ਸਰੋਤਿਆਂ ਵਿਚ ਸੰਤੋਖ ਸਿੰਘ ਮੰਧੇਰ (ਖੇਡ ਸੰਸਾਰ), ਗ਼ਜ਼ਲਗੋ ਕ੍ਰਿਸ਼ਨ ਭਨੋਟ, ਹਰਜਿੰਦਰ ਚੀਮਾ, ਗੁਰਚਰਨ ਟੱਲੇਵਾਲੀਆ, ਕ੍ਰਿਸ਼ਨ ਬੈਕਟਰ ਸ਼ਾਮਿਲ ਸਨ। ਅੰਤ ਵਿਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭ ਦਾ ਧੰਨਵਾਦ ਕੀਤਾ। ਮੀਟਿੰਗ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਕੀਤਾ।

# ਪੰਜਾਬ ਕੌਂਸਲ ਚੋਣਾਂ ਦੌਰਾਨ ਕਾਂਗਰਸ ਦੀ 7 ਨਗਰ ਨਿਗਮਾਂ 'ਤੇ ਜਿੱਤ

## • ਅਕਾਲੀ ਪ੍ਰਮੁੱਖ ਵਿਰੋਧੀ ਧਿਰ ਵਜੋਂ ਉਭਰੇ • ਅਕਾਲੀ ਦਲ ਨੇ 5 ਕੌਂਸਲਾਂ ਜਿੱਤੀਆਂ

ਚੰਡੀਗੜ੍ਹ–ਪੰਜਾਬ ਵਿੱਚ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਵਿੱਚ ਹੁਕਮਰਾਨ ਧਿਰ ਕਾਂਗਰਸ ਦੀ ਝੰਡੀ ਰਹੀ। ਕਾਂਗਰਸ ਨੇ 7 ਨਗਰ ਨਿਗਮਾਂ ਅਬੋਹਰ, ਬਟਾਲਾ, ਕਪੂਰਥਲਾ, ਹੁਸ਼ਿਆਰਪੁਰ, ਪਠਾਨਕੋਟ ਅਤੇ ਬਠਿੰਡਾ 'ਤੇ ਕਬਜ਼ਾ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਮੁਹਾਲੀ ਨਗਰ ਨਿਗਮ ਦੇ ਦੋ ਬੂਥਾਂ 'ਤੇ ਮੁੜ ਤੋਂ ਵੋਟਾਂ ਪਵਾਈਆਂ ਜਾਣ ਕਾਰਨ ਵੋਟਾਂ ਦੀ ਗਿਣਤੀ ਇੱਕ ਦਿਨ ਲਈ ਟਾਲ ਦਿੱਤੀ ਗਈ ਸੀ। ਪੰਜਾਬ ਦੀਆਂ 8 ਨਗਰ ਨਿਗਮਾਂ ਅਤੇ 109 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਲਈ 14 ਫਰਵਰੀ ਨੂੰ ਵੋਟਾਂ ਪਈਆਂ ਸਨ। ਐਲਾਨੇ ਗਏ ਨਤੀਜਿਆਂ ਮੁਤਾਬਕ 7 ਨਿਗਮਾਂ 'ਤੇ ਕਾਂਗਰਸ ਪਾਰਟੀ ਦੇ ਮੇਅਰ ਚੁਣੇ ਜਾਣਗੇ। ਇਸੇ ਤਰ੍ਹਾਂ 109 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵਿੱਚੋਂ ਬਹੁ ਗਿਣਤੀ ਪ੍ਰਧਾਨ ਵੀ ਹਾਕਮ ਧਿਰ ਦੇ ਹੀ ਹੋਣਗੇ। ਸ਼੍ਰੋਮਣੀ ਅਕਾਲੀ ਦਲ ਨੇ ਮਜੀਠਾ, ਕਾਦੀਆਂ, ਨਵਾਂਗਾਓਂ, ਸੰਗਤ ਅਤੇ ਅਜਨਾਲਾ ਵਿੱਚ ਜਿੱਤ ਹਾਸਲ ਕੀਤੀ ਹੈ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਸ੍ਰੀ ਹਰਗੋਬਿੰਦਪੁਰ, ਨੂਰਮਹਿਲ, ਖਰੜ ਅਤੇ ਹੋਰ ਕੁਝ ਥਾਵਾਂ 'ਤੇ ਵੀ ਅਕਾਲੀ ਦਲ ਅਤੇ ਆਜ਼ਾਦ ਉਮੀਦਵਾਰਾਂ ਦੀ ਗਿਣਤੀ ਕਾਂਗਰਸ ਦੇ ਜਿੱਤੇ ਹੋਏ ਉਮੀਦਵਾਰਾਂ ਨਾਲੋਂ ਵਧੇਰੇ ਹੈ। ਰਿਪੋਰਟਾਂ ਮੁਤਾਬਕ ਰੋਪੜ, ਮਾਨਸਾ ਅਤੇ ਹੋਰ ਕਈ ਜ਼ਿਲਿਆਂ ਵਿੱਚ ਨਗਰ ਕੌਂਸਲ ਦੀਆਂ ਸਾਰੀਆਂ ਸੀਟਾਂ 'ਤੇ ਆਜ਼ਾਦ ਉਮੀਦਵਾਰਾਂ ਨੇ ਸਮੁੱਚੀਆਂ ਸਿਆਸੀ ਧਿਰਾਂ ਨੂੰ ਧੋਬੀ ਪਟਕਾ ਮਾਰ ਦਿੱਤਾ ਹੈ। ਇਹ ਚੋਣਾਂ ਪੰਜਾਬ ਵਿਧਾਨ ਸਭਾ ਦੀਆਂ ਇੱਕ ਸਾਲ ਬਾਅਦ ਹੋਣ ਵਾਲੀਆਂ ਚੋਣਾਂ 'ਤੇ ਕਿਸ ਤਰ੍ਹਾਂ ਦਾ ਅਸਰ ਪਾਉਣਗੀਆਂ ਇਹ ਤਾਂ ਸਮਾਂ ਦੱਸੇਗਾ ਪਰ ਕਾਂਗਰਸ ਦੇ ਆਗੂ ਤਾਜ਼ਾ ਚੋਣ ਨਤੀਜਿਆਂ ਤੋਂ ਬਾਅਦ ਜੋਸ਼ ਵਿੱਚ ਆ ਗਏ ਹਨ। ਸ਼੍ਰੋਮਣੀ ਅਕਾਲੀ ਦਲ ਨੇ ਵੀ ਸ਼ਹਿਰੀ ਖੇਤਰਾਂ ਵਿੱਚ ਪ੍ਰਮੁੱਖ ਵਿਰੋਧੀ ਧਿਰ ਵਜੋਂ ਉਭਰਨ 'ਤੇ ਤੱਸਲੀ ਦਾ ਪ੍ਰਗਟਾਵਾ ਕੀਤਾ ਹੈ। ਇਹ ਚੋਣਾਂ ਭਾਰਤੀ ਜਨਤਾ ਪਾਰਟੀ, ਆਮ ਆਦਮੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਲਈ ਨਿਰਾਸ਼ਾ ਦਾ ਸਬੱਬ ਬਣੀਆਂ ਦਿਖਾਈ ਦੇ ਰਹੀਆਂ ਹਨ। ਭਾਜਪਾ ਅਤੇ 'ਆਪ' ਦੇ ਕੌਂਸਲਰਾਂ ਨੇ ਜਿੱਤ ਤਾਂ ਹਾਸਲ ਕੀਤੀ ਪਰ ਕਿਸੇ ਵੀ ਸੰਸਥਾ 'ਤੇ ਪ੍ਰਧਾਨਗੀ ਨੂੰ ਹੱਥ ਨਹੀਂ ਪਾ ਸਕੀਆਂ।

ਪੰਜਾਬ ਦੀਆਂ 109 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿੱਚੋਂ ਕਾਂਗਰਸ ਦੇ 1078, ਸ਼੍ਰੋਮਣੀ ਅਕਾਲੀ ਦਲ ਦੇ 251, ਆਮ ਆਦਮੀ ਪਾਰਟੀ ਦੇ 50, ਭਾਜਪਾ ਦੇ 29, ਬਸਪਾ ਦੇ 5 ਅਤੇ 375 ਆਜ਼ਾਦ ਉਮੀਦਵਾਰਾਂ ਨੂੰ ਜਿੱਤ ਮਿਲੀ ਹੈ। ਪੰਜਾਬ ਦੀਆਂ ਇਨ੍ਹਾਂ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਸਾਲ 2020 ਵਿੱਚ ਹੋਣੀਆਂ ਸਨ ਪਰ ਕਰੋਨਾ ਦੀ ਦਹਿਸ਼ਤ ਕਾਰਨ ਸਰਕਾਰ ਨੇ ਇਹ ਚੋਣਾਂ ਦੇਰੀ ਨਾਲ ਕਰਵਾਈਆਂ। ਪੰਜਾਬ ਵਿੱਚ 1997 ਤੋਂ ਲੈ ਕੇ 2019 ਤੱਕ ਹੋਈਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਰਲ ਕੇ ਚੋਣਾਂ ਲੜੀਆਂ ਸਨ। ਤਕਰੀਬਨ ਢਾਈ ਦਹਾਕਿਆਂ ਬਾਅਦ ਇਨ੍ਹਾਂ ਦੋਵਾਂ ਪਾਰਟੀਆਂ ਨੇ ਐਤਕੀਂ ਆਪੋ ਆਪਣੇ ਦਮ 'ਤੇ ਚੋਣਾਂ ਲੜੀਆਂ ਸਨ। ਪੰਜਾਬ ਤੋਂ ਉੱਠੇ ਕਿਸਾਨੀ ਅੰਦੋਲਨ ਦਾ ਇਨ੍ਹਾਂ ਚੋਣਾਂ 'ਤੇ ਸਪੱਸ਼ਟ ਪਰਛਾਵਾਂ ਦੇਖਿਆ ਜਾ ਸਕਦਾ ਹੈ। ਭਾਜਪਾ ਨੂੰ ਇਨ੍ਹਾਂ ਚੋਣਾਂ ਦੌਰਾਨ ਉਮੀਦਵਾਰ ਖੜ੍ਹੇ ਕਰਨੇ ਔਖੇ ਹੋ ਗਏ ਸਨ ਅਤੇ ਚੋਣ ਪ੍ਰਚਾਰ ਸਮੇਂ ਵੀ ਲੋਕਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। 'ਆਪ' ਨੇ ਪਹਿਲੀ ਵਾਰੀ ਸ਼ਹਿਰੀ ਖੇਤਰ ਦੀਆਂ ਇਨ੍ਹਾਂ ਚੋਣਾਂ 'ਚ ਉਮੀਦਵਾਰ ਖੜ੍ਹੇ ਕੀਤੇ ਸਨ ਅਤੇ ਉਹ ਵੀ ਕੋਈ ਖਾਸ ਪ੍ਰਭਾਵ ਛੱਡਣ 'ਚ ਕਾਮਯਾਬ ਨਹੀਂ ਹੋ ਸਕੀ।



## ਭਾਜਪਾ, ਆਪ ਤੇ ਬਸਪਾ ਦੀ ਨਮੋਸ਼ੀਜਨਕ ਹਾਰ

## ਪੰਜਾਬ ਦੇ ਲੋਕਾਂ ਨੇ ਕਾਂਗਰਸ ਦੇ ਹੱਕ ਵਿਚ ਸਪੱਸ਼ਟ ਫ਼ਤਵਾ ਦਿੱਤਾ-ਕੈਪਟਨ

ਚੰਡੀਗੜ੍ਹ-ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਿਉਂਸਿਪਲ ਚੋਣਾਂ ਵਿੱਚ ਕਾਂਗਰਸ ਦੀ ਸ਼ਾਨਦਾਰ ਜਿੱਤ ਲਈ ਸਰਕਾਰ ਦੀਆਂ ਵਿਕਾਸ ਮੁਖੀ ਨੀਤੀਆਂ ਨੂੰ ਸਿਹਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਚੋਣ ਨਤੀਜੇ ਵਿਰੋਧੀ ਧਿਰਾਂ ਸ਼੍ਰੋਮਣੀ ਅਕਾਲੀ ਦਲ, ਆਪ ਅਤੇ ਭਾਜਪਾ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ਼ ਫ਼ਤਵਾ ਵੀ ਹਨ। ਕੈਪਟਨ ਨੇ ਕਿਹਾ ਕਿ ਕਾਲੇ ਖੇਤੀ ਕਾਨੂੰਨਾਂ ਨੂੰ ਅਮਲ ਵਿੱਚ ਲਿਆਂਦੇ ਜਾਣ ਤੋਂ ਬਾਅਦ ਇਹ ਪਹਿਲੀਆਂ ਵੱਡੀਆਂ ਚੋਣਾਂ ਸਨ ਜਿਨ੍ਹਾਂ ਨੇ ਲੋਕਾਂ ਵਿੱਚ ਭਾਜਪਾ ਖਿਲਾਫ਼ ਪਾਏ ਜਾ ਰਹੇ ਗੁੱਸੇ ਨੂੰ ਸਾਹਮਣੇ ਲਿਆਂਦਾ ਹੈ। ਉਨ੍ਹਾਂ ਦੱਸਿਆ ਕਿ ਭਾਜਪਾ ਨੇ ਪੰਜਾਬ ਨੂੰ ਤਬਾਹ ਕਰਨ ਦੇ ਸਪੱਸ਼ਟ ਮਨਸੂਬੇ ਨਾਲ ਕਿਸਾਨਾਂ ਦੇ ਹੱਕਾਂ ਨੂੰ ਆਪਣੇ ਪੈਰਾਂ ਹੇਠਾਂ ਦਰੜਿਆ। ਉਨ੍ਹਾਂ ਕਿਹਾ ਕਿ ਇਸ ਮੁੱਦੇ ਉਤੇ ਸ਼੍ਰੋਮਣੀ ਅਕਾਲੀ ਦਲ ਅਤੇ 'ਆਪ' ਵੱਲੋਂ ਕੀਤੀ ਗਈ ਡਰਾਮੇਬਾਜ਼ੀ ਨੂੰ ਲੋਕਾਂ ਨੇ ਠੋਕਵਾਂ ਜਵਾਬ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਦੇ ਮੁਕਾਬਲੇ ਅਕਾਲੀ ਦਲ, ਆਪ ਅਤੇ ਭਾਜਪਾ ਨੇੜੇ-ਤੇੜੇ ਵੀ ਨਹੀਂ ਢੁੱਕ ਸਕੀਆਂ ਅਤੇ ਕਈ ਵਾਰਡਾਂ ਵਿੱਚ ਉਹ ਆਜ਼ਾਦ ਉਮੀਦਵਾਰਾਂ ਤੋਂ ਵੀ ਪਿੱਛੇ ਰਹਿ ਗਈਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸ਼ਹਿਰੀ ਖੇਤਰਾਂ ਦੇ ਵੋਟਰਾਂ ਨੇ ਸੁਚੱਜੇ ਪ੍ਰਸ਼ਾਸਨ ਅਤੇ ਤਰੱਕੀ ਦੇ ਹੱਕ ਵਿੱਚ ਫੈਸਲਾ ਦਿੰਦੇ ਹੋਏ ਸਪੱਸ਼ਟ ਰੂਪ ਵਿੱਚ ਇਨ੍ਹਾਂ ਪਾਰਟੀਆਂ ਦੀ ਸੌੜੀ ਸਿਆਸੀ ਸੋਚ ਨੂੰ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੂੰ ਪੰਜਾਬ ਦੇ ਮਸਲਿਆਂ ਤੋਂ ਦੂਰ ਰਹਿਣ ਦਾ ਇਹ ਇਕ ਸਾਫ਼ ਤੇ ਸਪੱਸ਼ਟ ਸੁਨੇਹਾ ਹੈ।



## ਕਾਂਗਰਸ ਦੀ ਵਿਧਾਨ ਸਭਾ ਚੋਣਾਂ 'ਚ ਹਾਰ ਤੈਅ-ਸੁਖਬੀਰ ਬਾਦਲ



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਭ੍ਰਿਸ਼ਟ ਅਤੇ ਅਯੋਗ ਕਾਂਗਰਸ ਸਰਕਾਰ ਨੂੰ ਚੁਣੌਤੀ ਦੇਣ ਵਾਲੇ ਇਕਲੌਤੇ ਵਰਕਰ ਬਣ ਕੇ ਉੱਭਰੇ ਹਨ। ਉਨ੍ਹਾਂ ਟਵੀਟ ਕਰਕੇ ਕਿਹਾ ਕਿ ਦੀਵਾਰ 'ਤੇ ਇਬਾਰਤ ਸਪੱਸ਼ਟ ਹੈ ਕਿ 2022 ਦੀਆਂ ਚੋਣਾਂ ਕਾਂਗਰਸ ਹਾਰੇਗੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਵਰਕਰਾਂ ਨੇ ਜਬਰ, ਸਰਕਾਰੀ ਮਸ਼ੀਨਰੀ ਅਤੇ ਪੈਸਿਆਂ ਦੀਆਂ ਥੈਲੀਆਂ ਦੇ ਜ਼ੋਰ ਦਾ ਡੱਟ ਕੇ ਸਾਹਮਣਾ ਕੀਤਾ ਅਤੇ ਪਾਰਟੀ ਇਕ ਤਾਕਤ ਵਜੋਂ ਉੱਭਰ ਕੇ ਸਾਹਮਣੇ ਆਈ ਹੈ।


# DAY AND NIGHT LABOUR LTD.

## ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਰਕਰਾਂ ਅਤੇ ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਮੈਰੂਆਨਾ ਪੈਕਿੰਗ ਲਈ ਵਰਕਰਾਂ ਦੀ ਵੀ ਤੁਰੰਤ ਲੋੜ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਿਰਫ ਪੀ.ਆਰ. ਜਾਂ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।

## ਸੰਪਰਕ– ਸੰਨੀ ਸੰਧਰ 604-727-2421





## ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਰੇਲ ਰੋਕੋ ਨੂੰ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ ਤੇ ਹੋਰ ਥਾਈਂ ਜ਼ਬਰਦਸਤ ਹੁੰਗਾਰਾ

[ਸਫ਼ਾ 3 ਦੀ ਬਾਕੀ]



ਸਕੱਤਰ ਡਾ. ਅਸ਼ੀਸ਼ ਮਿੱਤਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਅੱਜ ਦੇ ਰੇਲਾਂ ਰੋਕਣ ਦੇ ਦੇਸ਼ ਵਿਆਪੀ ਸੱਦੇ ਨੂੰ ਪੂਰੇ ਦੇਸ਼ ਦੇ ਕਿਸਾਨਾਂ ਮਜ਼ਦੂਰਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਕੁੱਲ ਹਿੰਦ ਕਿਸਾਨ ਮਜ਼ਦੂਰ ਸਭਾ ਨੇ ਇਸ ਸੱਦੇ ਨੂੰ ਲਾਗੂ ਕਰਦਿਆਂ ਦੇਸ਼ ਦੇ ਪੰਜਾਬ, ਉੜੀਸਾ, ਹਰਿਆਣਾ, ਤਿਲੰਗਾਨਾ, ਬਿਹਾਰ, ਆਂਧਰਾ ਪ੍ਰਦੇਸ਼, ਰਾਜਸਥਾਨ, ਚੰਡੀਗੜ੍ਹ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਿਚ 12 ਤੋਂ ਸ਼ਾਮ 4 ਵਜੇ ਤੱਕ ਰੇਲਾਂ ਰੋਕ ਕੇ ਰੋਸ ਮੁਜ਼ਾਹਰੇ ਕੀਤੇ। ਕੁੱਲ ਹਿੰਦ ਕਿਸਾਨ ਮਜ਼ਦੂਰ ਸਭਾ ਦੇ ਕੇਂਦਰੀ ਆਗੂ ਤੇ ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਤਰਸੇਮ ਪੀਟਰ ਤੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਇਹ ਅੰਦੋਲਨ ਇਕੱਲੇ ਪੰਜਾਬ ਦਾ ਅੰਦੋਲਨ ਨਾ ਰਹਿ ਕੇ ਇਹ ਪੂਰੇ ਦੇਸ਼ ਭਰ ਦਾ ਅੰਦੋਲਨ ਬਣ ਗਿਆ ਹੈ।

# ਕਿਸਾਨ ਫਸਲਾਂ ਦੀ ਕੁਰਬਾਨੀ ਦੇਣ ਲਈ ਵੀ ਤਿਆਰ-ਟਿਕੈਤ

ਹਿਸਾਰ-ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਐਲਾਨ ਕੀਤਾ ਹੈ ਕਿ ਖੇਤੀ ਕਾਨੂੰਨ ਰੱਦ ਹੋਣ ਤੱਕ ਕਿਸਾਨਾਂ ਦੀ ਘਰ ਵਾਪਸੀ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਜੇਕਰ ਫ਼ਸਲ ਨੂੰ ਅੱਗ ਲਗਾ ਕੇ ਕੁਰਬਾਨੀ ਵੀ ਦੇਣੀ ਪਈ ਤਾਂ ਕਿਸਾਨ ਪਿੱਛੇ ਨਹੀਂ ਹਟਣਗੇ। ਉਨ੍ਹਾਂ ਮੋਦੀ ਸਰਕਾਰ ਨੂੰ ਚਿਤਾਵਨੀ ਦਿੱਤੀ,"ਹਮ ਫ਼ਸਲ ਭੀ ਕਾਟੇਂਗੇ ਔਰ ਅੰਦੋਲਨ ਭੀ ਚਲਾਏਂਗੇ।" ਉਨ੍ਹਾਂ ਕਿਹਾ ਕਿ ਸਰਕਾਰ ਕਹਿ ਰਹੀ ਹੈ ਕਿ ਕਿਸਾਨ ਦੋ ਮਹੀਨਿਆਂ ਬਾਅਦ ਫ਼ਸਲ ਦੀ ਵਾਢੀ ਲਈ ਘਰ ਚਲੇ ਜਾਣਗੇ ਪਰ ਕਿਸਾਨ ਆਪਣੀ ਫ਼ਸਲ ਕੁਰਬਾਨ ਕਰਨ ਲਈ ਤਿਆਰ ਹਨ ਅਤੇ ਖੇਤੀ ਕਾਨੂੰਨ ਰੱਦ ਕਰਵਾ ਕੇ ਹੀ ਘਰਾਂ ਨੂੰ ਚਾਲੇ ਪਾਉਣਗੇ। ਹਰਿਆਣਾ ਦੇ ਹਿਸਾਰ ਜ਼ਿਲ੍ਹੇ ਦੇ ਪਿੰਡ ਖਰਕਪੂਨੀਆ ਅਤੇ ਬਾਲਸਮਦ ਵਿੱਚ ਜੁੜੀ ਕਿਸਾਨ ਮਹਾਪੰਚਾਇਤ 'ਚ ਕਿਸਾਨਾਂ ਨੇ ਹੱਥ ਖੜ੍ਹੇ ਕਰਕੇ ਉਨ੍ਹਾਂ ਦਾ ਸਮਰਥਨ ਕੀਤਾ। ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਸ੍ਰੀ ਟਿਕੈਤ ਨੇ ਕਿਹਾ ਕਿ ਪੰਜਾਬ ਦੀ ਧਰਤੀ ਤੋਂ ਸ਼ੁਰੂ ਹੋਇਆ ਕਿਸਾਨ ਸੰਘਰਸ਼ ਅੱਜ ਜਨ ਅੰਦੋਲਨ ਬਣ ਚੁੱਕਿਆ ਹੈ ਜਿਸ ਵਿੱਚ ਦੇਸ਼ ਭਰ ਤੋਂ ਹਰ ਤਬਕੇ ਦੇ ਲੋਕ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਹਰਿਆਣਾ ਤੋਂ ਬਾਅਦ ਰਾਜਸਥਾਨ, ਉੱਤਰ ਪ੍ਰਦੇਸ਼, ਮਹਾਰਾਸ਼ਟਰ, ਗੁਜਰਾਤ ਸਣੇ ਹੋਰ ਸੂਬਿਆਂ ਵਿੱਚ ਕਿਸਾਨ ਮਹਾਪੰਚਾਇਤਾਂ ਕਰਕੇ ਲੋਕਾਂ ਨੂੰ ਕੇਂਦਰ ਦੀਆਂ ਲੋਕ



ਵਿਰੋਧੀ ਨੀਤੀਆਂ ਬਾਰੇ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਅਨਾਜ ਨੂੰ ਕਾਰਪੋਰੇਟਾਂ ਦੀ ਤਿਜੋਰੀ ਵਿੱਚ ਬੰਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਦਾ ਵਿਰੋਧ ਕਿਸਾਨ ਮਹਾਪੰਚਾਇਤਾਂ ਰਾਹੀਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਇੰਨੇ ਵੱਡੇ ਇਕੱਠ ਦਿਖਾਈ ਨਹੀਂ ਦੇ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਨੇ ਦੁਹਰਾਇਆ ਕਿ ਕਿਸਾਨਾਂ ਦੇ ਮੰਚ ਅਤੇ ਪੰਚ ਉਹੀ ਰਹਿਣਗੇ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨਪਾਲ, ਗੁਰਨਾਮ ਸਿੰਘ ਚੜੂਨੀ ਸਣੇ ਹੋਰ ਆਗੂਆਂ ਵੱਲੋਂ ਲਏ ਗਏ ਫ਼ੈਸਲਿਆਂ ਨੂੰ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਸੰਘਰਸ਼ ਕਰ ਰਹੇ ਕਿਸਾਨ ਦੀ ਮੰਗ ਹੈ ਕਿ ਤਿੰਨੋਂ ਕਾਨੂੰਨ ਰੱਦ ਕੀਤੇ ਜਾਣ ਅਤੇ ਐੱਮਐੱਸਪੀ 'ਤੇ ਫ਼ਸਲਾਂ ਦੀ ਖ਼ਰੀਦ ਦੀ ਗਾਰੰਟੀ ਵਾਲਾ ਕਾਨੂੰਨ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਨ੍ਹਾਂ ਮੰਗਾਂ ਨੂੰ ਨਹੀਂ ਮੰਨਿਆ ਜਾਵੇਗਾ, ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਸਾਨਾਂ ਨੂੰ ਟਰੈਕਟਰਾਂ ਦੇ ਮੂੰਹ ਦਿੱਲੀ ਵੱਲ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਉਹ ਮੋਰਚੇ ਦੇ ਭਵਿੱਖੀ ਪ੍ਰੋਗਰਾਮਾਂ 'ਤੇ ਨਜ਼ਰ ਰੱਖਣ। 'ਜੇਕਰ ਹਾਲੇ ਵੀ ਸਰਕਾਰ ਕਿਸਾਨਾਂ ਦੀ ਗੱਲ ਨਹੀਂ ਸੁਣੇਗੀ ਤਾਂ ਕਿਸਾਨ ਭਵਿੱਖ ਵਿੱਚ 40 ਲੱਖ ਟਰੈਕਟਰਾਂ ਦਾ ਕਾਫ਼ਲਾ ਲੈ ਕੇ ਦਿੱਲੀ ਵੱਲ ਕੂਚ ਕਰੇਗਾ।









# ਚੌਕੀਦਾਰ (ਪ੍ਰਧਾਨ ਮੰਤਰੀ) ਵੱਲੋਂ ਦੇਸ਼ ਦੇ ਲੋਕਾਂ ਨੂੰ 'ਸੌਂ ਜਾਣ ਦਾ ਹੋਕਾ'...

**ਸੁਖਵਿੰਦਰ ਸਿੰਘ ਚੋਹਲਾ**

ਰਾਜਧਾਨੀ ਦਿੱਲੀ ਦੇ ਚਾਰੇ ਪਾਸੇ ਮੁੱਖ ਮਾਰਗਾਂ ਉਪਰ ਬੈਠੇ ਕਿਸਾਨਾਂ ਦਾ ਅੰਦੋਲਨ ਇਕ ਨਵਾਂ ਵੇਗ ਫੜ ਗਿਆ ਹੈ। ਹੁਣ ਤੱਕ ਇਸ ਅੰਦੋਲਨ ਨੂੰ ਗੱਲੀਂਬਾਤੀ ਉਲਝਾਉਂਦੀ ਤੇ ਲਟਕਾਉਂਦੀ ਆ ਰਹੀ ਮੋਦੀ ਸਰਕਾਰ ਨੇ ਇਸਨੂੰ ਤੋੜਨ ਲਈ ਕਈ ਹੱਥਕੰਡੇ ਅਪਣਾਏ ਤੇ 26 ਜਨਵਰੀ ਦੀ ਲਾਲ ਕਿਲੇ ਦੀ ਘਟਨਾ ਇਸਦਾ ਇਕ ਸਿਖਰ ਸੀ। ਵਿਉਂਤਬੰਦੀ ਤਾਂ ਸੀ ਤੇ ਅਮਲ ਵੀ ਕਿ ਅੰਦੋਲਨ ਨੂੰ ਕਿਵੇਂ ਖਿਲਾਰਿਆ ਜਾਵੇ ਪਰ ਸਰਕਾਰ ਵਲੋਂ ਕਾਹਲੀ ਵਿਚ ਕੀਤੀਆਂ ਕੁਝ ਗਲਤੀਆਂ ਉਸਦੇ ਇਰਾਦਿਆਂ ਨੂੰ ਅਸਫਲ ਕਰ ਗਈਆਂ ਤੇ ਬੇਈਮਾਨੀ ਨੂੰ ਜੱਗ ਜ਼ਾਹਰ ਵੀ। ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਉਭਾਸਰਨ ਘਟਨਾਕ੍ਰਮ ਉਪਰੰਤ ਕਿਸਾਨ ਮਹਾਂਪੰਚਾਇਤਾਂ ਨੇ ਇਸ ਅੰਦੋਲਨ ਵਿਚ ਇਕ ਨਵਾਂ ਜੋਸ਼ ਤੇ ਉਤਸ਼ਾਹ ਭਰ ਦਿੱਤਾ ਹੈ। ਸਰਕਾਰ ਵਲੋਂ ਦਿੱਲੀ ਦੇ ਬਾਹਰ ਕੀਤੀ ਗਈ ਮਜ਼ਬੂਤ ਬੈਰੀਕੇਡਿੰਗ, ਕੰਡਿਆਲੀ ਤਾਰ ਅਤੇ ਸੜਕਾਂ ਉਪਰ ਠੋਕੀਆਂ ਕਿੱਲਾਂ ਨੇ ਅੰਦੋਲਨਕਾਰੀਆਂ ਵਿਚਾਲੇ ਡਰ ਤੇ ਦਹਿਸ਼ਤ ਨੂੰ ਨਕਾਰਦਿਆਂ ਸਰਕਾਰ ਖਿਲਾਫ ਹੋਰ ਮਜਬੂਤੀ ਨਾਲ ਖੜੇ ਹੋਣ ਦਾ ਸਾਹਸ ਭਰਿਆ ਹੈ। ਜਿਵੇਂਕਿ ਸਵਾਲ ਉਠ ਰਹੇ ਸਨ ਕਿ ਦਿੱਲੀ ਪੁਲਿਸ ਵਲੋਂ ਕਿਸਾਨ ਮੋਰਚਿਆਂ ਦੁਆਲੇ ਕੌਮਾਂਤਰੀ ਸਰਹੱਦਾਂ ਵਰਗੀ ਕਿਲਾਬੰਦੀ ਕਿਉਂ ਕੀਤੀ ਜਾ ਰਹੀ ਹੈ, ਉਸਦਾ ਜਵਾਬ ਸਰਕਾਰ ਨੇ ਸੰਸਦ ਦੇ ਬਜਟ ਇਜਲਾਸ ਦੌਰਾਨ ਦੇ ਦਿੱਤਾ ਹੈ।


ਕਿਸਾਨ ਆਗੂਆਂ ਨਾਲ ਹੁਣ ਤੱਕ ਗੱਲਬਾਤ ਕਰਦੇ ਆ ਰਹੇ ਖੇਤੀ ਮੰਤਰੀ ਦੇ ਸੰਸਦ ਵਿਚ ਤਨਜ਼ ਭਰੇ ਬਿਆਨ ਕਿ ਕੋਈ ਦੱਸੇ ਕਿ "ਇਨ ਕਨੂੰਨੋ ਮੇ ਕਾਲਾ ਕਿਆ ਹੈ" ਉਪਰੰਤ ਹੁਣ ਪ੍ਰਧਾਨ ਮੰਤਰੀ ਮੋਦੀ ਨੇ ਅੰਦੋਲਨਕਾਰੀ ਕਿਸਾਨਾਂ ਸਿਰ ਨਵੀ ਭਾਜੀ ਚਾੜ ਦਿੱਤੀ ਹੈ। ਭਾਰਤ ਦੇ ਜਮਹੂਰੀ ਇਤਿਹਾਸ ਵਿਚ ਅੰਦੋਲਨਾਂ ਤੇ ਲਹਿਰਾਂ ਦੀ ਭੂਮਿਕਾ ਨੂੰ ਦਰਕਿਨਾਰ ਕਰਦਿਆਂ ਉਹਨਾਂ ਲੋਕ ਵਿਰੋਧ ਦੇ ਬੁਨਿਆਦੀ ਹੱਕ ਉਪਰ ਵੀ ਵੱਡਾ ਪ੍ਰਚਨ ਚਿੰਨ ਲਗਾ ਦਿੱਤਾ ਹੈ। ਆਜ਼ਾਦ ਭਾਰਤ ਦੇ ਇਤਿਹਾਸ ਵਿਚ ਸਰਕਾਰੀ ਨੀਤੀਆਂ ਅਤੇ ਸੱਤਾਵਾਨ ਆਗੂਆਂ ਦੇ ਵਿਵਾਦਿਤ ਫੈਸਲਿਆਂ ਖਿਲਾਫ ਲੋਕ ਅੰਦੋਲਨ ਕਰਦਿਆਂ ਆਪਣੀਆਂ ਮੰਗਾਂ ਮੰਨਵਾਉਂਦੇ ਆਏ ਹਨ ਪਰ ਸ੍ਰੀ ਨਰਿੰਦਰ ਮੋਦੀ ਅਜਿਹੇ ਪਹਿਲੇ ਪ੍ਰਧਾਨ ਮੰਤਰੀ ਹਨ ਜੋ ਆਪਣੀ ਸਰਕਾਰ ਦੇ ਫੈਸਲਿਆਂ ਦੇ ਖਿਲਾਫ ਜਾਣ ਵਾਲੇ ਲੋਕਾਂ ਨੂੰ ਦੇਸ਼ ਵਿਰੋਧੀ ਗਰਦਾਨੇ ਜਾਣ ਦੀ ਰਾਹ 'ਤੇ ਹਨ। ਉਹ ਰਾਹ ਜੋ ਇਕ 'ਤਾਨਾਸ਼ਾਹ' ਦੇ ਉਭਾਰ ਦਾ ਸੰਕੇਤ ਦਿੰਦਾ ਹੈ। ਉਹ ਰਾਹ ਜੋ ਇਕ ਚੁਣੇ ਹੋਏ ਨੁਮਾਇੰਦੇ ਨੂੰ ਨਿਰਕੁੰਸ਼ ਸ਼ਕਤੀਆਂ ਦੇਣ ਦੀ ਵਕਾਲਤ ਕਰਦਾ ਹੈ ਤੇ ਆਪਣੇ ਰਾਹ ਵਿਚ ਆਉਣ ਵਾਲੇ ਹਰ ਅੰਦੋਲਨਕਾਰੀ ਨੂੰ ਜੇਲਾਂ ਵਿਚ ਡੱਕੇ ਜਾਣ ਦੀ ਹਾਮੀ ਭਰਦਾ ਹੈ। ਅਗਰ ਕੋਈ ਜੇਲਾਂ ਵਿਚ ਡੱਕੇ ਅੰਦੋਲਨਕਾਰੀਆਂ ਨੂੰ ਰਿਹਾਅ ਕਰਨ ਦੀ ਮੰਗ ਕਰੇ ਤਾਂ ਉਹ ਭਟਕਿਆਂ ਹੋਇਆ ਅਪਵਿੱਤਰ ਅੰਦੋਲਨਜੀਵੀ ਬਣਾ ਦਿੱਤਾ ਜਾਂਦਾ ਹੈ।

ਬੀਤੇ ਦਿਨੀਂ ਸੰਸਦ ਵਿਚ ਖੇਤੀ ਕਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਨੂੰ ਆੜੇ ਹੱਥੀ ਲੈਂਦਿਆਂ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਨ ਦਾ ਇਹੀ ਤਾਂ ਸਾਰਾਂਸ਼ ਹੈ। ਸਫੈਦ ਪੋਸ਼ਾਕ, ਸਫੈਦ ਕੇਸ ਤੇ ਸਫੈਦ ਲੰਬੀ ਦਾਹੜੀ ਨਾਲ ਕਿਸੇ 'ਨਵ ਅਵਤਾਰ ਪੁਰਸ਼' ਜਿਹੀ ਛਬੀ ਨਾਲ ਦੇਸ਼ ਵਾਸੀਆਂ ਨੂੰ ਭਰਮਾਉਣ ਦਾ ਯਤਨ ਕਰ ਰਹੇ ਪ੍ਰਧਾਨ ਮੰਤਰੀ ਨੇ ਅੰਦੋਲਨਕਾਰੀ ਕਿਸਾਨਾਂ ਲਈ ਜੋ ਸ਼ਬਦ ਵਰਤੇ, ਉਹ ਉਸਦੀ ਵੇਸ ਭੂਸ਼ਾ ਨਾਲ ਮੇਲ ਨਹੀ ਖਾਂਦੇ। ਪ੍ਰਧਾਨ ਮੰਤਰੀ ਨੇ ਕਿਸਾਨਾਂ ਲਈ ਅੰਦਲੋਨਜੀਵੀ ਅਤੇ ਪਰਜੀਵੀ ਜਿਹੇ ਸ਼ਬਦਾਂ ਦਾ ਇਸਤੇਮਾਲ ਕਰਦਿਆਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉਸਦੀ ਸਰਕਾਰ ਨੇ ਇਸ ਅੰਦੋਲਨ ਨਾਲ ਕਿਵੇਂ ਨਿਪਟਣਾ ਹੈ। ਪਿਛਲੇ ਲਗਪਗ ਪੌਣੇ ਤਿੰਨ ਮਹੀਨੇ ਤੋ ਮੋਰਚਾ ਲਗਾਈ ਬੈਠੇ ਕਿਸਾਨਾਂ ਵਿਚੋਂ 200 ਤੋ ਉਪਰ ਕਿਸਾਨ ਆਪਣੀਆਂ ਜਾਨਾਂ ਗਵਾ ਚੁੱਕੇ ਹਨ ਪਰ ਪ੍ਰਧਾਨ ਮੰਤਰੀ ਨੇ ਉਹਨਾਂ ਦੇ ਦੁਖਦਾਈ ਵਿਛੋੜੇ ਉਪਰ ਜ਼ਰਾ ਜਿੰਨੀ ਵੀ ਸੰਵੇਦਨਾ ਪ੍ਰਗਟ ਨਾ ਕਰਦਿਆਂ ਕਿਸਾਨ ਮੁਸ਼ਕਲਾਂ ਦੀ ਸਾਰੀ ਜਿੰਮੇਵਾਰੀ ਕਿਸਾਨ ਆਗੂਆਂ ਦੇ ਸਿਰ ਸੁੱਟਣ ਦਾ ਯਤਨ ਕੀਤਾ ਹੈ। ਉਹਨਾਂ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਅੰਦੋਲਨ ਉਪਰ ਪਲਣ ਵਾਲੇ ਕੀੜੇ ਤੱਕ ਕਹਿੰਦਿਆਂ ਸਪੱਸ਼ਟ ਕੀਤਾ ਕਿ ਉਹ ਕਿਸੇ ਵੀ ਹਾਲਤ ਵਿਚ ਤਿੰਨ ਖੇਤੀ ਕਨੂੰਨਾਂ ਨੂੰ ਵਾਪਿਸ ਨਹੀ ਲੈਣਗੇ। ਉਹ ਕਿਸਾਨਾਂ ਨਾਲ ਕਨੂੰਨਾਂ ਵਿਚ ਸੋਧ ਲਈ ਕੋਈ ਗੱਲਬਾਤ ਤਾਂ ਕਰ ਸਕਦੇ ਹਨ ਪਰ ਕਨੂੰਨਾਂ ਨੂੰ ਰੱਦ ਕਰਨ ਲਈ ਹਰਗਿਜ਼ ਤਿਆਰ ਨਹੀ।

ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਨ ਵਿਚ ਇਕ ਹੋਰ ਮਸ਼ਹੂਰ ਸ਼ਬਦ ਦੇ ਬਦਲਵੇਂ ਅਰਥ ਸਮਝਾਉਣ ਦਾ ਵੀ ਯਤਨ ਕੀਤਾ। ਵਿਦੇਸ਼ੀ ਸਿੱਧਾ ਨਿਵੇਸ਼ ( ਐਫ ਡੀ ਆਈ) ਨੂੰ ਉਹਨਾਂ ਨੇ ਵਿਦੇਸ਼ੀ ਤਬਾਹਕੁੰਨ ਸੋਚ ( ਫੌਰਨ ਡੇਸਟਰੱਕਟਿਵ ਆਈਡਾਲੋਜੀ ) ਦਾ ਨਾਮ ਦੇ ਦਿੱਤਾ। ਸ਼ਾਇਦ ਉਹਨਾਂ ਨੇ ਇਹ ਹਵਾਲਾ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਟਵੀਟ ਕਰਨ ਵਾਲੀਆਂ ਵਿਸ਼ਵ ਪ੍ਰਸਿੱਧ ਹਸਤੀਆਂ ਪੌਪ ਸਟਾਰ ਰਿਹਾਨਾ, ਸਵੀਡਿਸ਼ ਵਾਤਾਵਰਣ ਕਾਰਕੁੰਨ ਗਰੇਟਾ ਥੁਨਬਰਗ ਅਤੇ ਲੇਖਕਾ ਮੀਨਾ ਹੈਰਿਸ ਨੂੰ ਲੈਕੇ ਕੀਤਾ। ਆਪਣੇ ਭਾਸ਼ਨ ਦੌਰਾਨ ਪ੍ਰਧਾਨ ਮੰਤਰੀ ਨੇ ਅੰਦੋਨਲਕਾਰੀ ਕਿਸਾਨਾਂ ਨੂੰ ਜਿੰਨਾ ਵੀ ਬੁਰਾ ਭਲਾ ਕਿਹਾ ਜਾ ਸਕਦਾ ਸੀ, ਕਿਹਾ। ਉਹਨਾਂ ਰਾਜ ਸਭਾ ਤੋ ਬਾਦ ਲੋਕ ਸਭਾ ਵਿਚ ਆਪਣੇ ਉਹੀ ਸ਼ਬਦ ਦੁਹਰਾਏ। ਫਰਕ ਸਿਰਫ ਇਹ ਰਿਹਾ ਕਿ ਉਹਨਾਂ ਅੰਦੋਲਨਜੀਵੀ ਤੇ ਪਰਜੀਵੀ ਸ਼ਬਦਾਂ ਨੂੰ ਦੁਹਰਾਉਂਦਿਆਂ ਖੁਦ ਨੂੰ ਬਰੀ ਕਰਨ ਦਾ ਯਤਨ ਕੀਤਾ ਕਿ ਕਿਸਾਨ ਅੰਦੋਲਨ ਪਵਿੱਤਰ ਹੈ ਪਰ ਕੁਝ ਅੰਦੋਲਨਜੀਵੀ ਇਸਨੂੰ ਅਪਵਿੱਤਰ ਕਰ ਰਹੇ ਹਨ। ਇਸਦੀ ਉਦਾਹਰਣ ਉਹਨਾਂ ਪਿਛਲੇ ਸਮੇਂ ਤੋ ਝੂਠੇ ਕੇਸਾਂ ਵਿਚ ਫਸਾਕੇ ਜੇਲਾਂ ਅੰਦਰ ਡੱਕੇ ਖੱਬੇ ਪੱਖੀ ਆਗੂਆਂ -ਜਿਹਨਾਂ ਵਿਚ 80 ਸਾਲਾ ਕਵੀ ਵਰਵਰਾ ਰਾਓ, ਆਨੰਦ ਤੇਲਤੁੰਬੜੇ, ਗੌਤਮ ਨਵਲੱਖਾ, ਡਾ ਕਫੀਲ ਖਾਨ ਸ਼ਾਮਿਲ ਹਨ, ਤੇ ਹੋਰਾਂ ਦੀ ਰਿਹਾਈ ਲਈ ਕੀਤੇ ਗਏ ਪ੍ਰਦਰਸ਼ਨ ਨੂੰ ਆਧਾਰ ਬਣਾਇਆ। ਉਹਨਾਂ ਆਪਣੇ ਆਪਨੂੰ ਦੇਸ਼ ਵਿਰੋਧੀ ਤਾਕਤਾਂ ਸਾਹਵੇ ਵੱਡਾ ਦੇਸ਼ ਭਗਤ ਹੋਣ ਦਾ ਦਾਅਵਾ ਕਰਦਿਆਂ ਕਿਸਾਨ ਅੰਦੋਲਨ ਵਿਚ ਘੁਸਪੈਠ ਕਰ ਚੁੱਕੇ ਅੰਦੋਲਨਜੀਵੀਆਂ ਦੀ ਪਛਾਣ ਕਰਨ ਦਾ ਸੱਦਾ ਦਿੱਤਾ। ਖੇਤੀ ਕਨੂੰਨਾਂ ਨੂੰ ਸਮੇਂ ਦੀ ਮੰਗ ਕਰਾਰ ਦਿੰਦਿਆਂ ਉਹਨਾਂ ਇਸਨੂੰ ਛੋਟੇ ਕਿਸਾਨਾਂ ਲਈ ਲਾਹੇਵੰਦਾ ਕਿਹਾ ਪਰ ਨਾਲ ਹੀ ਕਾਰਪੋਰੇਟ ਕੰਪਨੀਆਂ ਵਲੋਂ ਖੇਤੀ ਵਿਚ ਨਿਵੇਸ਼ ਨੂੰ ਹੀ ਇਕ ਹੱਲ ਦੱਸਿਆ। ਕਾਰੋਪੋਰੇਟ ਸੈਕਟਰ ਦੀ ਚਿੰਤਾ ਕਰਦਿਆਂ ਉਹ ਪੰਜਾਬ ਵਿਚ ਪਰਾਲੀ ਸਾੜਨ ਤੇ ਰੋਕਣ ਲਈ ਕਨੂੰਨ ਦਾ ਵਿਰੋਧ, ਟੋਲ ਪਲਾਜੇ ਬੰਦ ਕਰਵਾਉਣ, ਜੀਓ ਦੇ ਟਾਵਰ ਤੋੜਨ ਅਤੇ ਰਿਲਾਇੰਸ ਦੇ ਪਟਰੋਲ ਪੰਪਾਂ ਦੇ ਘੇਰਾਓ ਕਰਨ ਵਾਲਿਆਂ ਨੂੰ ਅਰਾਜਕ ਤੱਤ ਕਰਾਰ ਦੇਣ ਤੱਕ ਚਲੇ ਗਏ। ਕਾਰੋਪੋਰੇਟ ਸੈਕਟਰ ਨੂੰ ਹੀ ਦੇਸ਼ ਦਾ ਉਜਲ ਭਵਿੱਖ ਐਲਾਨਣ ਦੇ ਨਾਲ ਉਹ ਦੇਸ਼ ਦੀ ਆਈ ਏ ਐਸ ਲਾਬੀ ਨੂੰ ਵੀ ਨਿੰਦਣ ਤੇ ਫਿਟਕਾਰਨ ਤੋ ਨਹੀ ਝਿਜਕੇ। ਉਹਨਾਂ ਦਾ ਇਹ ਸਵਾਲ ਕਿ ਕੀ ਦੇਸ਼ ਦੇ ਹਰ ਵੱਡੇ ਅਦਾਰੇ ਕੇਵਲ ਆਈ ਏ ਐਸ ਬਾਬੂ ਹੀ ਚਲਾਉਣਗੇ, ਦੇਸ਼ ਨੂੰ ਕਾਰਪੋਰੇਟ ਹੱਥਾਂ ਵਿਚ ਸੌਂਪੇ ਜਾਣ ਦਾ ਆਪਣੀ ਸਰਕਾਰ ਦਾ ਫੈਸਲਾ ਅਚੇਤ ਹੀ ਸੁਣਾ ਗਏ। ਉਹ ਆਪਣੀ ਸਰਕਾਰ ਵਲੋਂ ਉਠਾਏ ਜਾ ਰਹੇ ਕਦਮਾਂ ਨੂੰ ਖੁਦ ਹੀ ਇਤਿਹਾਸਕ ਕਰਾਰ ਦਿੰਦੇ ਹੋਏ ਯਾਦ ਕਰਵਾ ਰਹੇ ਹਨ ਕਿ ਅੰਗਰੇਜਾਂ ਦੇ ਸਮੇਂ ਤੋ ਚੱਲੇ ਆ ਰਹੇ ਦਕੀਨਾਨੂਸੀ ਪ੍ਰਚਲਣ ਨੂੰ ਬਦਲਣ ਦੀ ਜ਼ਰੂਰਤ ਹੈ ਤੇ ਉਹਨਾਂ ਦੀ ਸਰਕਾਰ ਵਿਰੋਧ ਦੇ ਬਾਵਜੂਦ ਇਹ ਸਭ ਬਦਲੇਗੀ। ਇਸ ਦੌਰਾਨ ਵਿਰੋਧੀ ਪਾਰਟੀਆਂ ਦੇ ਸਾਂਸਦਾਂ ਨੇ ਕਿਸਾਨ ਹੱਕਾਂ ਲਈ ਨਾਅਰਾ ਬੁਲੰਦ ਕਰਦਿਆਂ ਇਕ ਦੂਸਰੇ ਤੋ ਵੱਧਕੇ ਮੋਦੀ ਸਰਕਾਰ ਦੇ ਬਖੀਏ ਉਦੇੜਨ ਵਿਚ ਕੋਈ ਕਸਰ ਨਹੀ ਛੱਡੀ। ਪਰ ਇਸਦੇ ਬਾਵਜੂਦ ਪ੍ਰਧਾਨ ਮੰਤਰੀ ਵੱਲੋ ਸੰਸਦ ਵਿਚ ਗੱਜ ਵੱਜਕੇ ਕਾਰਪੋਰੇਟ ਦੇ ਹੱਕ ਵਿਚ ਖੜੇ ਹੋਣ ਦੇ ਐਲਾਨ ਨਾਲ ਇਹ ਸਾਫ ਹੈ ਕਿ ਉਹ ਹਾਲ ਦੀ ਘੜੀ ਖੇਤੀ ਕਨੂੰਨਾਂ ਨੂੰ ਰੱਦ ਕਰਨ ਜਾਂ ਕਿਸਾਨਾਂ ਦੀਆਂ ਹੋਰ ਮੰਗਾਂ ਮੰਨਣ ਲਈ ਕਿਸੇ ਵੀ ਸੂਰਤ ਵਿਚ ਤਿਆਰ ਨਹੀ। ਉਹਨਾਂ ਨੇ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਅੰਦੋਲਨਜੀਵੀ ਤੇ ਪਰਜੀਵੀ ਘੋਸ਼ਿਤ ਕਰਦਿਆਂ ਸਰਕਾਰ ਦੇ ਮਨਸੂਬੇ ਜ਼ਾਹਰ ਕਰ ਦਿੱਤੇ ਹਨ। ਭਾਜਪਾ ਸੰਸਦ ਮੈਂਬਰਾਂ ਦੀ ਫੌਜ ਨੇ 'ਮੋਦੀ ਹੈ ਤੋ ਮੁਮਕਿਨ ਹੈ' ਦੇ ਨਾਅਰੇ ਨਾਲ ਮੇਜਾਂ ਥਪਥਪਾਕੇ ਮੁਲਕ ਨੂੰ ਕਾਰਪੋਰੇਟ ਦੇ ਹੱਥਾਂ ਵਿਚ ਵੇਚਣ ਦੇ ਪਰਨੋਟ ਉਪਰ ਮੋਹਰ ਲਗਾ ਦਿੱਤੀ ਹੈ। ਸੰਸਦ ਦੇ ਬਾਹਰ ਵਿਰੋਧੀ ਪਾਰਟੀਆਂ ਕਿਸਾਨੀ ਬਹਾਨੇ ਮੋਦੀ ਸਰਕਾਰ ਖਿਲਾਫ ਕੋਈ ਲਹਿਰ ਉਸਾਰਨ ਦੀ ਫਿਰਾਕ ਵਿਚ ਹਨ ਪਰ ਕੀ ਸਿਆਸਤ ਤੋ ਇਕ ਵਿੱਥ 'ਤੇ ਖੜੀਆਂ ਕਿਸਾਨ ਜਥੇਬੰਦੀਆਂ ਲਈ ਮੋਦੀ ਹਿੰਡ ਨੂੰ ਨਾਮੁਮਕਿਨ ਕਰਨਾ ਸੰਭਵ ਹੋ ਪਾਵੇਗਾ ? ਉਹ ਵੀ ਉਦੋ ਜਦੋ ਪ੍ਰਧਾਨ ਮੰਤਰੀ ਮੋਦੀ ਖੁਦ ਕਾਰਪੋਰੇਟ ਦਾ ਸਫੈਦਪੋਸ਼ ਚੌਕੀਦਾਰ ਬਣ ਦੇਸ਼ ਨੂੰ ਨਿਸਚਿੰਤ ਹੋਕੇ ਸੌ ਜਾਣ ਦਾ ਹੋਕਾ ਦੇ ਰਿਹਾ ਹੈ....

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANTS

HARDEV SINGH GREWAL
Mortgage Consultant
Cell: 604-500-3920
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਸਾਕਾ ਨਨਕਾਣਾ ਸਾਹਿਬ

ਕਿਸੇ ਵੀ ਧਰਮ ਦਾ ਇਤਿਹਾਸ ਉਸ ਦੀ ਬੁਨਿਆਦ ਹੁੰਦਾ ਹੈ। ਜਿਸ ਧਰਮ ਦੀ ਬੁਨਿਆਦ ਸ਼ਹੀਦਾਂ ਦੇ ਖ਼ੂਨ ਨਾਲ ਰੰਗੀਆਂ ਇੱਟਾਂ ਨਾਲ ਰੱਖੀ ਹੋਵੇ, ਉਸ ਬਾਰੇ ਦੱਸਣ ਦੀ ਜ਼ਿਆਦਾ ਲੋੜ ਨਹੀਂ ਪੈਂਦੀ, ਬਲਕਿ ਉਨ੍ਹਾਂ ਸ਼ਹੀਦਾਂ ਕਰ ਕੇ ਹੀ ਧਰਮ ਆਪਣੀ ਵੱਖਰੀ ਹੋਂਦ ਤੇ ਪਛਾਣ ਬਣਾ ਲੈਂਦੇ ਹਨ। ਜਦੋਂ ਨਨਕਾਣਾ ਸਾਹਿਬ ਦੀ ਪਾਵਨ ਪਵਿੱਤਰ ਧਰਤੀ ਤੇ ਖ਼ੂਨ ਦੀ ਹੋਲੀ ਖੇਡੀ ਗਈ ਤਾਂ ਇਕ ਇਹੋ ਜਿਹਾ ਇਤਿਹਾਸ ਸਿਰਜਿਆ ਗਿਆ। ਗੁਰੂ ਘਰ ਦੀ ਮਰਯਾਦਾ ਨੂੰ ਵੇਖਦਿਆਂ, ਜ਼ਾਲਮਾਂ ਦੀਆਂ ਤਲਵਾਰਾਂ ਤੇ ਬੰਦੂਕਾਂ ਅੱਗੇ ਸਿੰਘਾਂ ਨੇ ਆਪਣੇ ਸੀਨੇ ਢਾਲ ਬਣਾ ਕੇ ਆਪਣੇ ਆਪ ਨੂੰ ਸਦਾ ਵਾਸਤੇ ਅਮਰ ਕਰ ਦਿੱਤਾ। ਅੱਜ ਵੀ ਜਦ ਸਿੱਖ ਅਰਦਾਸ ਕਰਦਾ ਹੈ ਤਾਂ ਇਨ੍ਹਾਂ ਸ਼ਹੀਦਾਂ ਦੀ ਹੀ ਯਾਦ ਤਾਜ਼ਾ ਕਰਦਿਆਂ ਆਖਦਾ ਹੈ, 'ਜਿਨ੍ਹਾਂ ਸਿੰਘ ਸਿੰਘਣੀਆਂ ਗੁਰਦੁਆਰਿਆਂ ਲਈ ਕੁਰਬਾਨੀਆਂ ਕੀਤੀਆਂ, ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ, ਧਰਮ ਨਹੀਂ ਹਾਰਿਆ, ਇਨ੍ਹਾਂ ਦੀ ਕਮਾਈ ਦਾ ਧਿਆਨ ਕਰ ਕੇ ਬੋਲੋ ਜੀ ਵਾਹਿਗੁਰੂ।' ਕੂੜ ਤੇ ਸੱਚ ਦੀ ਲੜਾਈ ਹਮੇਸ਼ਾ ਹੁੰਦੀ ਰਹੀ ਹੈ। 15ਵੀ ਸਦੀ ਵਿਚ ਜਦ ਬਾਬਰ ਨੇ ਪੰਜਾਬ ਉੱਪਰ ਹਮਲਾ ਕਰ ਕੇ ਬੇਕਸੂਰ ਨਿਹੱਥੇ ਲੋਕਾਂ ਨੂੰ ਮਾਰਨਾ ਸ਼ੁਰੂ ਕੀਤਾ ਤਾਂ ਸਿੱਖ ਧਰਮ ਦੇ ਪਹਿਲੇ ਗੁਰੂ ਗੁਰੂ ਨਾਨਕ ਨੇ ਹੀ ਹੱਕ ਤੇ ਸੱਚ ਦੀ ਆਵਾਜ਼ ਬਣ ਕੇ ਜ਼ਾਲਮ ਨੂੰ ਲਲਕਾਰਿਆ ਸੀ। ਗੁਰੂ ਨਾਨਕ ਦੇ ਪੰਜਵੇਂ ਜਾਮੇ ਵਿਚ ਗੁਰੂ ਅਰਜਨ ਦੇਵ ਜੀ ਨੇ ਇਸੇ ਹੀ ਹੱਕ ਤੇ ਸੱਚ ਵਾਸਤੇ ਆਪਣੀ ਜਾਨ ਦਾ ਨਜ਼ਰਾਨਾ ਪੇਸ਼ ਕੀਤਾ। ਇਸੇ ਤਰ੍ਹਾਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਵੀ ਸ਼ਹਾਦਤ ਕਬੂਲ ਕਰ ਲਈ ਪਰ ਹੱਕ ਤੇ ਸੱਚ ਦੀ ਗੱਲ ਉੱਪਰ ਸਮਝੌਤਾ ਨਾ ਕੀਤਾ। ਸੰਨ 1699 ਵਿਚ ਖ਼ਾਲਸਾ ਪੰਥ ਦੇ ਵਜੂਦ ਉਪਰੰਤ ਸ਼ਹਾਦਤਾਂ ਦਾ ਇਕ ਅਜਿਹਾ ਸਿਲਸਿਲਾ ਸ਼ੁਰੂ ਹੋ ਗਿਆ। 1708 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਭਾਈ ਬੰਦਾ ਸਿੰਘ ਬਹਾਦਰ ਨੇ ਸਿੱਖ ਫ਼ੌਜ ਦੀ ਕਮਾਨ ਸੰਭਾਲ ਲਈ ਤੇ ਜ਼ਾਲਮਾਂ ਦੇ ਖ਼ਿਲਾਫ਼ ਜੰਗ ਦਾ ਐਲਾਨ ਕਰ ਦਿੱਤਾ। 1716 ਵਿਚ ਸਮੇਂ ਦੀ ਹਕੂਮਤ ਨੇ ਆਪਣੇ ਸਾਰੇ ਵਸੀਲੇ ਇਸਤੇਮਾਲ ਕਰਦਿਆਂ ਬੰਦਾ ਸਿੰਘ ਬਹਾਦਰ ਤੇ ਇਨ੍ਹਾਂ ਨਾਲ 700 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਇਸ ਤੋਂ ਬਾਅਦ ਸਿੱਖਾਂ ਦੇ ਸਿਰਾਂ ਦਾ ਮੁੱਲ ਰੱਖ ਦਿੱਤਾ ਗਿਆ, ਜਿਸ ਕਰ ਕੇ ਹਜ਼ਾਰਾਂ ਦੀ ਗਿਣਤੀ ਦੇ ਵਿਚ ਸਿੱਖ ਸ਼ਹੀਦ ਕਰ ਦਿੱਤੇ ਗਏ। ਬਚੇ-ਖੁਚੇ ਸਿੰਘਾਂ ਨੇ ਜੰਗਲਾਂ ਦਾ ਰਸਤਾ ਇਖ਼ਤਿਆਰ ਕੀਤਾ। ਧਾਰਮਿਕ, ਇਤਿਹਾਸਕ ਸਥਾਨ ਖ਼ਾਲੀ ਹੋ ਗਏ। ਗੁਰੂ ਘਰਾਂ ਵਿਚ ਉਦਾਸੀ ਮਹੰਤ ਕਬਜ਼ਾ ਕਰ ਕੇ ਬੈਠ ਗਏ। ਸਿੰਘ ਨੂੰ ਜੰਗਲਾਂ ਦੀਆਂ ਲੁਕਣ ਗਾਹਾਂ ਵਿਚ ਪਨਾਹ ਲੈਣੀ ਪਈ। ਇਨ੍ਹਾਂ ਵਿਚ ਦੀਵਾਨ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ ਵਿਰਕ ਤੇ ਜੱਸਾ ਸਿੰਘ ਆਹਲੂਵਾਲੀਆਂ ਨੇ ਮਿਸਲਾਂ ਬਣਾ ਕੇ ਇਕ ਵੱਖਰੀ ਰੂਹ ਫ਼ੂਕ ਦਿੱਤੀ।


ਚਰਨਜੀਤ ਸਿੰਘ ਪਨੂੰ

18ਵੀ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਖ਼ਾਲਸਾ ਰਾਜ ਸਥਾਪਤ ਕਰ ਦਿੱਤਾ। ਉਸ ਨੇ ਗੁਰੂ ਘਰਾਂ ਦੇ ਨਾਂ ਜ਼ਮੀਨ ਲਗਵਾ ਦਿੱਤੀ। ਮਹਾਰਾਜਾ ਰਣਜੀਤ ਸਿੰਘ ਨੇ ਨਾ ਸਿਰਫ਼ ਗੁਰਦੁਆਰਿਆਂ ਦੀ ਉਸਾਰੀ ਕੀਤੀ ਬਲਕਿ ਲੰਗਰ ਤੇ ਨਿਵਾਸ ਵਾਸਤੇ ਇਕ ਸਿਸਟਮ ਲਾਗੂ ਕਰ ਦਿੱਤਾ, ਜੋ ਉਨ੍ਹਾਂ ਜ਼ਮੀਨਾਂ ਦੀ ਕਮਾਈ ਤੋਂ ਹੀ ਚੱਲਦਾ ਸੀ। ਸੰਮਤ 1849 ਮੁਤਾਬਿਕ 1906 ਬਿਕਰਮੀ ਨੂੰ ਮਹਾਰਾਜਾ ਦਲੀਪ ਸਿੰਘ ਨੂੰ ਧੋਖੇ ਨਾਲ ਗੱਦੀਉਂ ਲਾਹ ਕੇ ਸਾਰੇ ਸਿੱਖ ਰਾਜ ਤੇ ਕਬਜ਼ਾ ਕਰ ਕੇ ਅੰਗਰੇਜ਼ਾਂ ਨੇ ਆਪਣੇ ਰਾਜ ਨਾਲ ਮਿਲਾ ਲਿਆ। ਇਸ ਤਰ੍ਹਾਂ ਜਿੱਥੇ ਸਾਰੀ ਸਿੱਖ ਹਕੂਮਤ ਤੇ ਗੋਰਿਆਂ ਦਾ ਮੁਕੰਮਲ ਕਬਜ਼ਾ ਹੋ ਗਿਆ ਉੱਥੇ ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤਸਰ ਸ਼ਹਿਰ ਦੇ ਹੋਰ ਗੁਰਦੁਆਰਿਆਂ ਦਾ ਪ੍ਰਬੰਧ ਵੀ ਉਨ੍ਹਾਂ ਦੀ ਲਗਾਮ ਹੇਠ ਆ ਗਿਆ। ਲਾਟ ਸਾਹਿਬ ਨੂੰ ਇਸ ਦਾ ਇੰਚਾਰਜ ਬਣਾਇਆ ਗਿਆ ਜੋ ਇਸ ਪ੍ਰਬੰਧ ਨੂੰ ਆਪਣੀ ਅਨਾੜੀਪਣ ਨਾਲ ਚਲਾਉਣ ਲੱਗ ਪਿਆ। ਉਹ ਕਿਉਂਕਿ ਸਿੱਖ ਧਾਰਮਿਕ ਰਹੁ-ਰੀਤਾਂ ਤੇ ਪ੍ਰਬੰਧ ਤੋਂ ਉੱਕਾ ਅਣਜਾਣ ਸੀ, ਇਸ ਲਈ ਗ੍ਰੰਥੀਆਂ ਤੇ ਪੁਜਾਰੀਆਂ ਰਾਗੀਆਂ ਰਬਾਬੀਆਂ ਤੇ ਹੋਰ ਸਟਾਫ਼ ਨਾਲ ਦੁਰਵਿਵਹਾਰ ਕਰਨ ਲੱਗਾ। ਵਕਤ ਬਦਲਣ ਦੇ ਨਾਲ ਨਾਲ ਰਾਜ ਵੀ ਬਦਲ ਗਿਆ। ਜਦ ਅੰਗਰੇਜ਼ਾਂ ਨੇ ਪੰਜਾਬ ਉੱਪਰ ਆਪਣੀ ਪੈਂਠ ਬਣਾਉਣੀ ਸ਼ੁਰੂ ਕੀਤਾ ਅੰਗਰੇਜ਼ਾਂ ਨੂੰ ਡਰ ਸੀ ਕਿ ਗੁਰਦੁਆਰਿਆਂ ਵਿਚ ਸਿੱਖ ਉਨ੍ਹਾਂ ਖ਼ਿਲਾਫ਼ ਮੋਰਚੇ ਨਾ ਖੋਲ੍ਹ ਦੇਣ। ਉਨ੍ਹਾਂ ਨੇ ਆਪਣੀ ਗ੍ਰਿਫ਼ਤ ਮਜ਼ਬੂਤ ਕਰਨ ਹਿਤ ਮਹੰਤਾਂ ਨੂੰ ਆਪਣੇ ਨਾਲ ਗੰਢ ਲਿਆ।

ਗੁਰੂ ਘਰਾਂ ਦੀਆਂ ਜ਼ਮੀਨਾਂ ਤੋਂ ਆਉਣ ਵਾਲਾ ਪੈਸਾ ਵੇਖ ਕੇ ਮਹੰਤ ਬੇਈਮਾਨ ਹੋ ਗਏ। ਇਹ ਆਉਣ ਵਾਲਾ ਚੜ੍ਹਾਵਾ ਮਹੰਤਾਂ ਦੇ ਘਰਾਂ ਵਿਚ ਜਾਣ ਲੱਗਾ। ਮਹੰਤ ਗੁਰੂ ਘਰਾਂ ਵਿਚ ਆਪਣੀ ਮਨਮਰਜ਼ੀ ਐਸ਼ ਕਰਨ ਲੱਗੇ। ਮਹੰਤਾਂ ਦੀਆਂ ਕਾਲੀਆਂ ਕਰਤੂਤਾਂ ਅਤੇ ਯਾਤਰੀਆਂ ਨਾਲ ਭੈੜੇ ਸਲੂਕ ਤੋਂ ਆਲ ਦੁਆਲੇ ਦੇ ਪਿੰਡਾਂ ਦੇ ਸਿੰਘ ਵਾਕਫ਼ ਹੋ ਗਏ। ਮਹੰਤਾਂ ਦੇ ਚੇਲੇ ਗੁਰੂ ਘਰਾਂ ਦੀ ਮਰਯਾਦਾ ਦਾ ਪਾਲਨ ਨਹੀਂ ਕਰਦੇ ਸਨ। ਉਹ ਗੁਰੂ ਘਰ ਗੁਰੂ ਘਰਾਂ ਦੇ ਮਾਲਕ ਬਣ ਕੇ ਬਹਿ ਗਏ ਤੇ ਸਿੰਘਾਂ ਸ਼ਰਧਾਲੂਆਂ ਦੀਆਂ ਕਿਰਪਾਨਾਂ ਲੁਹਾ ਦਿੰਦੇ। ਇਨ੍ਹਾਂ ਹਾਲਤਾਂ ਵਿਚ ਸਿੱਖਾਂ ਨੂੰ ਕਿਸੇ ਮਜ਼ਬੂਤ ਧਾਰਮਿਕ ਜਥੇਬੰਦੀ ਤੇ ਬਹਾਦਰ ਸਿਪਾਹਸਾਲਾਰ ਦੀ ਲੋੜ ਸੀ, ਜੋ ਗੁਰਦੁਆਰਾ ਸੁਧਾਰ ਲਹਿਰ ਜਾਂ ਕਰਤਾਰ ਸਿੰਘ ਝੱਬਰ ਨੇ ਪੂਰੀ ਕੀਤੀ।

ਸਿਆਲਕੋਟ ਵਿਚ ਗੁਰਦੁਆਰਾ ਬਾਬੇ ਦੀ ਬੇਰੀ ਮਹੰਤ ਗਿਆਨ ਦੇ ਪੁੱਤਰ ਮਹੰਤ ਹਰਨਾਮ ਦਾਸ ਦੇ ਕੋਲ ਸੀ। ਅਕਾਲੀ ਸਿੰਘਾਂ ਨੇ 5 ਅਕਤੂਬਰ 1920 ਨੂੰ ਸੰਘਰਸ਼ ਸ਼ੁਰੂ ਕੀਤਾ ਤੇ ਮਹੰਤ ਦੇ ਬੰਦਿਆਂ ਨਾਲ ਹੱਥੋ ਪਾਈ ਹੋਣ ਤੋਂ ਬਾਅਦ 9 ਅਕਤੂਬਰ 1920 ਨੂੰ ਗੁਰਦੁਆਰਾ ਬਾਬੇ ਦੀ ਬੇਰੀ ਮਹੰਤਾਂ ਕੋਲੋਂ ਆਜ਼ਾਦ ਕਰਵਾ ਲਿਆ। ਇਸ ਤੋਂ ਬਾਅਦ ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਵਿਖੇ ਅਕਾਲੀ ਸਿੰਘਾਂ ਨੇ 12 ਅਕਤੂਬਰ 1920 ਨੂੰ ਮੋਰਚਾ ਲਾਇਆ ਜਿਸ ਕਰ ਕੇ ਪੁਜਾਰੀ ਮਹੰਤ ਡਰ ਕੇ ਭੱਜ ਗਏ। ਇਸ ਤਰ੍ਹਾਂ ਗੁਰਦੁਆਰਾ ਹਰਿਮੰਦਰ ਸਾਹਿਬ ਵੀ ਆਜ਼ਾਦ ਕਰਵਾ ਲਿਆ। 15 ਨਵੰਬਰ 1920 ਨੂੰ ਸਮੂਹ ਸਿੱਖ ਜਗਤ ਨੂੰ ਅਕਾਲ ਤਖ਼ਤ ਅੰਮ੍ਰਿਤਸਰ ਵਿਖੇ ਸੱਦਿਆ ਗਿਆ। ਸਰਕਾਰੀ ਰੁਕਾਵਟ ਹੋਣ ਦੇ ਬਾਵਜੂਦ 15, 16 ਨਵੰਬਰ ਵਾਸਤੇ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਲਈ। ਸ਼੍ਰੋਮਣੀ ਕਮੇਟੀ ਨਾਲ ਸਿੱਖਾਂ ਦੀ ਤਾਕਤ ਇਕ ਜੁੱਟ ਹੋ ਗਈ। ਦੂਜੇ ਪਾਸੇ ਮਹੰਤ ਤੇ ਅੰਗਰੇਜ਼ ਗੁਰਦੁਆਰਾ ਸੁਧਾਰ ਲਹਿਰ ਨੂੰ ਕੁਚਲਨ ਦਾ ਸੋਚਦੇ ਸਨ। 27 ਦਸੰਬਰ 1920 ਨੂੰ ਕਰਤਾਰ ਸਿੰਘ ਝੱਬਰ ਤੇ ਭਾਈ ਦਲੀਪ ਸਿੰਘ ਦੀ ਅਗਵਾਈ ਹੇਠ ਲਗਭਗ 50 ਸਿੱਖ ਗੁਰਦੁਆਰਾ ਸੱਚਾ ਸੌਦਾ ਪਹੁੰਚੇ। ਇੱਥੇ ਦੇ ਮਹੰਤ ਦਾ ਨਾਮ ਨਰਾਇਣ ਦਾਸ ਸੀ, ਜੋ ਤੰਬਾਕੂ ਦੀ ਵਰਤੋ ਕਰਦਾ ਸੀ। ਸਿੰਘਾਂ ਨੇ ਮਹੰਤਾਂ ਨੂੰ ਗੁਰਦੁਆਰਾ ਸਾਹਿਬ ਤੋਂ ਬਾਹਰ ਕੱਢ ਮਾਰਿਆ। ਇਸ ਤਰ੍ਹਾਂ 29 ਜਨਵਰੀ 1921 ਨੂੰ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿਚ ਇਕ ਜਥਾ ਤਰਨਤਾਰਨ ਵਿਖੇ ਪਹੁੰਚਿਆ। ਉੱਥੇ ਮਹੰਤਾਂ ਨਾਲ ਕਾਫ਼ੀ ਝੜਪ ਹੋਈ ਜਿਸ ਕਰ ਕੇ ਦੋ ਅਕਾਲੀ ਸਿੰਘ ਸ਼ਹੀਦ ਹੋ ਗਏ ਪਰ ਗੁਰਦੁਆਰਾ ਆਜ਼ਾਦ ਕਰਾ ਲਿਆ ਗਿਆ। 31 ਜਨਵਰੀ ਇਸ ਜਥੇ ਨੇ ਗੁਰੂ ਕਾ ਬਾਗ਼ ਅੰਮ੍ਰਿਤਸਰ ਵੀ ਆਜ਼ਾਦ ਕਰਵਾ ਲਿਆ।












ਦੂਜੇ ਪਾਸੇ ਮਹੰਤ ਨਰਾਇਣ ਦਾਸ ਨੂੰ ਇਹ ਖ਼ੌਫ ਜਾਗੀ ਸੀ ਕਿ ਕਿਤੇ ਸਿੰਘ ਉਸ ਕੋਲੋਂ ਵੀ ਗੁਰਦੁਆਰਾ ਨਨਕਾਣਾ ਨਾ ਖੋਹ ਲੈਣ। ਇਸ ਕਰ ਕੇ ਉਸ ਨੇ ਅੰਗਰੇਜ਼ਾਂ ਨਾਲ ਮਿਲ ਕੇ ਹਥਿਆਰ ਖ਼ਰੀਦਣੇ ਸ਼ੁਰੂ ਕੀਤੇ ਤੇ ਕੁੱਝ ਭਾੜੇ ਦੇ ਬਦਮਾਸ਼ ਵੀ ਰੱਖ ਲਏ। ਉਸ ਨੇ ਅੰਦਰਖਾਤੇ ਚੋਣਵੇਂ ਸਿੱਖਾਂ ਨਾਲ ਸੁਲਾਹ ਸਫ਼ਾਈ ਦੇ ਡਰਾਮੇ ਵੀ ਸ਼ੁਰੂ ਕਰ ਦਿੱਤੇ। ਸ਼ੇਖ਼ੂਪੁਰੇ ਦੇ ਬੂਟਾ ਸਿੰਘ ਵਕੀਲ ਦੇ ਘਰ ਚੌਦਾਂ ਫਰਵਰੀ ਉੱਨੀ ਸੌ ਇੱਕੀ ਨੂੰ ਇਕ ਮੀਟਿੰਗ ਰੱਖੀ ਗਈ ਪਰ ਐਨ ਮੌਕੇ ਤੇ ਮਹੰਤ ਨੇ ਇਕ ਸੁਨੇਹੇ ਵਿਚ ਇਹ ਇਕੱਤਰਤਾ ਪੰਦਰਾਂ ਫਰਵਰੀ ਤੱਕ ਟਾਲ ਦਿੱਤੀ। ਬੂਟਾ ਸਿੰਘ ਤੇ ਝੱਬਰ ਮਹੰਤ ਦੀ ਚਾਲ ਤੇ ਨਾਰਾਜ਼ ਹੋਏ। ਉਨ੍ਹਾਂ ਨਾਰਾਇਣ ਦਾਸ ਨੂੰ ਲਾਹੌਰ ਲਾਇਲ ਗਜ਼ਟ ਅਖ਼ਬਾਰ ਦੇ ਦਫ਼ਤਰ ਬੁਲਾ ਭੇਜਿਆ। ਇੱਥੇ ਮਹੰਤ ਦਾ ਇਕ ਵਫ਼ਾਦਾਰ ਸੂਹੀਆ ਅਵਤਾਰ ਸਿੰਘ ਮਿਲ ਗਿਆ। ਉਸ ਨੇ ਮਹੰਤ ਦੀ ਸਾਜ਼ਿਸ਼ ਦਾ ਭਾਂਡਾ ਤੋੜ ਦਿੱਤਾ। ਉਸ ਨੇ ਦੱਸਿਆ ਕਿ ਪਿਛਲੀ ਰਾਤ ਮਹੰਤ ਨੇ ਆਪਣੇ ਰਾਮ ਗਲੀ ਵਾਲੇ ਮਕਾਨ ਵਿਚ ਇਕ ਗੁਪਤ ਮੀਟਿੰਗ ਬੁਲਾਈ ਸੀ, ਜਿਸ ਵਿਚ ਥੰਮ੍ਹਣ ਦਾ ਮਹੰਤ ਅਰਜਨ ਦਾਸ, ਬੁੱਧਿਆਂ ਵਾਲਾ ਜਗਨ ਨਾਥ, ਮਾਣਕ ਗੁਰਦੁਆਰੇ ਦਾ ਮਹੰਤ ਬਸੰਤ ਦਾਸ ਅਤੇ ਚਾਰ ਪੰਜ ਮਾਝੇ ਦੇ ਹੋਰ ਜੱਟ ਸ਼ਾਮਲ ਹੋਏ ਸਨ। ਇੱਥੇ ਨਰੈਣ ਦਾਸ ਨੇ ਗੁਰਦੁਆਰੇ ਵਿਚ ਖੱਲਝ ਮਚਾਉਣ ਵਾਸਤੇ ਮਾਝੇ ਦੇ ਜੱਟਾਂ ਨੂੰ ਡੇਢ ਲੱਖ ਅਗਾਊਂ ਦੇਣ ਦਾ ਸੌਦਾ ਕੀਤਾ ਹੈ। ਉਹ ਮਾਝੇ ਦੇ 12 ਭਗੌੜੇ ਬਦਮਾਸ਼ ਕਾਤਲ ਨਾਲ ਲੈ ਕੇ ਛੇ ਮਾਰਚ ਨੂੰ ਨਨਕਾਣਾ ਸਾਹਿਬ ਪੁੱਜਣਗੇ। ਜਿਸ ਵੇਲੇ ਪੰਥਕ ਹਿਤੈਸ਼ੀਆਂ ਦਾ ਇਕੱਠ ਹੋਵੇ, ਇਹ ਅਚਾਨਕ ਹੱਲਾ ਬੋਲ ਕੇ ਸਭ ਨੂੰ ਮਾਰ ਕੇ ਘੋੜੇ ਭਜਾ ਕੇ ਲੈ ਜਾਣਗੇ। ਮਹੰਤ ਤੇ ਉਸ ਦੇ ਆਦਮੀ 'ਫੜ ਲੌ।। ਫੜ ਲੌ।।ਮਾਰ ਗਏ' ਕਹਿੰਦੇ ਉਨ੍ਹਾਂ ਦਾ ਪਿੱਛਾ ਕਰਨਗੇ। ਦੂਜੇ ਪਾਸੇ ਮਹੰਤ ਸਮਝੌਤੇ ਦੀਆਂ ਗੱਲਾਂ ਕਰਦਾ ਰਹੇਗਾ। ਇਸ ਗੁਪਤ ਰਿਪੋਰਟ ਨੇ ਝੱਬਰ ਤੇ ਸਾਥੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਤੇ ਸਿੰਘ ਚੁਕੰਨੇ ਹੋ ਗਏ।

ਮਹੰਤ ਦੀਆਂ ਕਰਤੂਤਾਂ ਨੂੰ ਰੋਕਣ ਲਈ ਸਿੱਖ ਜਥੇਬੰਦੀਆਂ ਨੇ 5-6 ਮਾਰਚ 1921 ਨੂੰ ਨਨਕਾਣਾ ਸਾਹਿਬ ਪਹੁੰਚਣ ਦਾ ਐਲਾਨ ਕਰ ਦਿੱਤਾ। ਦੂਜੇ ਪਾਸੇ ਕਰਤਾਰ ਸਿੰਘ, ਲਛਮਣ ਸਿੰਘ ਤੇ ਟਹਿਲ ਸਿੰਘ ਨੂੰ ਖ਼ਬਰ ਮਿਲ ਗਈ ਕਿ 20-21 ਫਰਵਰੀ ਨੂੰ ਮਹੰਤ ਨਰਾਇਣ ਦਾਸ ਲਾਹੌਰ ਵਿਖੇ ਅੰਗਰੇਜ਼ਾਂ ਨਾਲ 5 ਤੇ 6 ਮਾਰਚ ਨੂੰ ਹੋਣ ਵਾਲੇ ਸਿੱਖ ਸੰਮੇਲਨ ਨੂੰ ਰੋਕਣ ਲਈ ਮੀਟਿੰਗ ਕਰਨ ਜਾ ਰਿਹਾ ਹੈ। ਰਾਤੋ ਰਾਤ 33 ਚੱਕ ਧਾਰੋਵਾਲੀ ਵਿਖੇ ਕਰਤਾਰ ਸਿੰਘ, ਟਹਿਲ ਸਿੰਘ, ਲਛਮਣ ਸਿੰਘ ਤੇ ਕੁੱਝ ਹੋਰ ਸਿੰਘਾਂ ਨੇ ਇਕ ਬੈਠਕ ਕੀਤੀ, ਜਿਸ ਵਿਚ ਕੁੱਝ ਫ਼ੈਸਲੇ ਗੁਪਤ ਰੱਖੇ ਗਏ। ਇਨ੍ਹਾਂ ਨੇ 20 ਫਰਵਰੀ ਨੂੰ ਮਹੰਤ ਨਰਾਇਣ ਦਾਸ ਦੇ ਨਨਕਾਣਾ ਸਾਹਿਬ ਵਿਚ ਹਾਜ਼ਰ ਨਾ ਹੋਣ ਕਰ ਕੇ 19 ਫਰਵਰੀ ਦੀ ਰਾਤ ਨੂੰ ਹੀ ਸਭ ਜਥੇ ਨਨਕਾਣਾ ਸਾਹਿਬ ਵਲ ਤੁਰਨਗੇ ਤੇ 20 ਫਰਵਰੀ ਦੀ ਸਵੇਰ ਚੰਦਰ ਕੋਟ ਪਹੁੰਚਣ ਦਾ ਫ਼ੈਸਲਾ ਕੀਤਾ ਗਿਆ। ਭਾਈ ਲਛਮਣ ਸਿੰਘ ਦਾ ਜਥਾ 33 ਚੱਕ ਧਾਰੋਵਾਲੀ ਤੋਂ ਨਿਕਲ ਕੇ ਨਾਲ ਦੇ ਪਿੰਡਾਂ ਵਿਚੋਂ ਹੁੰਦਿਆਂ ਹੋਇਆ ਚੰਦਰ ਕੋਟ ਵੱਲ ਪਹੁੰਚ ਗਿਆ। ਇਕ ਹੋਰ ਜਥਾ ਭਾਈ ਟਹਿਲ ਸਿੰਘ ਦੀ ਅਗਵਾਈ ਵਿਚ 38 ਚੱਕ ਨਿਜ਼ਾਮਪੁਰਾ ਦੇਵਾ ਸਿੰਘ ਵਾਲਾ ਤੋਂ ਨਿਕਲਿਆ। ਤੀਸਰਾ ਜਥਾ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਸ਼ੇਖ਼ੂਪੁਰਾ ਤੋਂ ਨਿਕਲਿਆ।

ਕਮੇਟੀ ਦੇ ਪ੍ਰਧਾਨ ਨੇ ਲਿਖਤੀ ਤੌਰ ਤੇ ਕਰਤਾਰ ਸਿੰਘ ਝੱਬਰ ਨੂੰ ਨਨਕਾਣਾ ਸਾਹਿਬ ਨਾ ਜਾਣ ਦੇ ਆਦੇਸ਼ ਜਾਰੀ ਕੀਤੇ ਤੇ 5-6 ਮਾਰਚ ਨੂੰ ਆਉਣ ਦਾ ਸੱਦਾ ਦਿੱਤਾ। ਜਦ ਚਿੱਠੀ ਭਾਈ ਕਰਤਾਰ ਸਿੰਘ ਕੋਲ ਪਹੁੰਚੀ ਤਾਂ ਉਨ੍ਹਾਂ ਨੇ ਆਖਿਆ ਕਿ ਹੁਣ ਕਾਫ਼ੀ ਦੇਰ ਹੋ ਚੁੱਕੀ ਹੈ, ਕਿਉਂਕਿ ਭਾਈ ਲਛਮਣ ਸਿੰਘ ਉੱਥੇ ਪਹੁੰਚਣ ਵਾਲੇ ਹੋਣਗੇ। ਕੁੱਝ ਸਿੰਘ ਨਨਕਾਣਾ ਸਾਹਿਬ ਵਲ ਭਾਈ ਲਛਮਣ ਸਿੰਘ ਨੂੰ ਰੋਕਣ ਵਾਸਤੇ ਨਿਕਲੇ। ਜਦ ਸ਼੍ਰੋਮਣੀ ਕਮੇਟੀ ਦਾ ਪੈਗ਼ਾਮ ਲਛਮਣ ਸਿੰਘ ਤੱਕ ਪਹੁੰਚਿਆ ਤਾਂ ਉਸ ਨੇ ਕਿਹਾ ਕਿ ਹੁਣ ਸਿੰਘ ਨਹੀਂ ਰੁਕ ਸਕਦੇ ਕਿਉਂਕਿ ਅਸੀਂ ਅਰਦਾਸ ਕਰ ਕੇ ਨਿਕਲੇ ਹਾਂ। ਜਾਂ ਗੁਰਦੁਆਰਾ ਸਾਹਿਬ ਆਜ਼ਾਦ ਕਰਾਵਾਂਗੇ ਜਾਂ ਫਿਰ ਸ਼ਹੀਦ ਹੋ ਜਾਵਾਂਗੇ। 20 ਫਰਵਰੀ ਸਵੇਰੇ ਭਾਈ ਲਛਮਣ ਸਿੰਘ ਦਾ ਜਥਾ ਸ਼ਬਦ ਪੜ੍ਹਦਿਆਂ ਗੁਰਦੁਆਰਾ ਨਨਕਾਣਾ ਸਾਹਿਬ ਅੰਦਰ ਦਾਖਲ ਹੋਇਆ। ਭਾਈ



ਲਛਮਣ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਆਸਾ ਕੀ ਵਾਰ ਦਾ ਪਾਠ ਕਰਨ ਲੱਗੇ। ਮਹੰਤ ਆਪਣੇ ਗੁੰਡਿਆਂ ਸਮੇਤ ਸ਼ਰਾਬੀ ਹਾਲਤ ਵਿਚ ਅੰਦਰ ਵੜ ਗਿਆ। ਉਸ ਨੇ ਸਿੰਘਾਂ ਦੇ ਘਾਣ ਕਰਨ ਲਈ ਪਹਿਲਾਂ ਹੀ ਪੂਰੀ ਤਿਆਰੀ ਕੀਤੀ ਹੋਈ ਸੀ। ਉਸ ਨੇ ਦਰਸ਼ਨੀ ਡਿਉੜੀ ਦਾ ਮੇਨ ਗੇਟ ਬੰਦ ਕਰਵਾ ਦਿੱਤਾ। ਉਸ ਦੇ ਗੁੰਡਿਆਂ ਨੇ ਸ਼ਾਂਤਮਈ ਸਿੰਘਾਂ ਉੱਪਰ ਗੋਲੀਆਂ ਦੀ ਬੁਛਾੜ ਕਰ ਦਿੱਤੀ। ਬਹੁਤ ਸਾਰੇ ਸ਼ਰਧਾਲੂ ਸਿੰਘਣੀਆਂ, ਸਿੰਘ ਸ਼ਹੀਦੀ ਪਾ ਗਏ। ਜ਼ਖ਼ਮੀ ਵੀ ਤਲਵਾਰਾਂ ਤੇ ਗੰਡਾਸਿਆਂ ਨਾਲ ਸ਼ਹੀਦ ਕਰ ਦਿੱਤੇ ਗਏ। ਬਹੁਤ ਦੁਖਦਾਇਕ ਦ੍ਰਿਸ਼ ਸੀ। ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਨੇ ਗੋਲੀਆਂ ਦੀ ਆਵਾਜ਼ ਸੁਣੀ ਤਾਂ ਮਹੰਤ ਨੂੰ ਅਜੇਹਾ ਕਰਨ ਤੋਂ ਰੋਕਿਆ। ਮਹੰਤ ਦੇ ਗੁੰਡਿਆਂ ਨੇ ਉਸ ਨੂੰ ਵੀ ਅਕਾਲੀ ਅਕਾਲੀ ਕਹਿ ਕੇ ਬਲਦੀ ਭੱਠੀ ਵਿਚ ਸੁੱਟ ਦਿੱਤਾ। ਭਾਈ ਲਛਮਣ ਸਿੰਘ ਨੂੰ ਗੁਰੂ ਘਰ ਵਿਚ ਮੌਜੂਦ ਇਕ ਜੰਡ ਨਾਲ ਪੁੱਠਾ ਲਟਕਾ ਕੇ ਸਾੜ ਦਿੱਤਾ। ਸਟੇਸ਼ਨ ਮਾਸਟਰ ਕਰਮ ਸਿੰਘ ਦੇ ਉੱਦਮ ਸਦਕਾ ਇਸ ਘਟਨਾ ਦੀ ਖ਼ਬਰ ਸ਼ਾਮ ਤੱਕ ਚਾਰੇ ਪਾਸੇ ਫੈਲ ਗਈ। ਉਨ੍ਹਾਂ ਨੇ ਇਸ ਸੋਗਮਈ ਘਟਨਾ ਦੀ ਖ਼ਬਰ ਪੰਜਾਬ ਦੇ ਗਵਰਨਰ, ਕਮਿਸ਼ਨਰ, ਡੀ। ਸੀ। ਤੇ ਸ਼੍ਰੋਮਣੀ ਕਮੇਟੀ ਤੱਕ ਪਹੁੰਚਾ ਦਿੱਤੀ। ਰਾਤ 9 ਵਜੇ ਦੇ ਕਰੀਬ ਲਾਹੌਰ ਤੋਂ ਸਪੈਸ਼ਲ ਟਰੇਨ ਰਾਹੀ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਆਪਣੇ ਨਾਲੋਂ 100 ਦੇ ਕਰੀਬ ਅੰਗਰੇਜ਼ ਅਫ਼ਸਰਾਂ ਤੇ ਸਿਪਾਹੀਆਂ ਸਮੇਤ ਸ੍ਰੀ ਨਨਕਾਣਾ ਸਾਹਿਬ ਪਹੁੰਚਿਆ। ਸਰਕਾਰ ਨੇ ਮਹੰਤ ਤੇ ਉਸ ਦੇ 26 ਸਾਥੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਸ ਦੇ ਘਰੋਂ ਅਸਲਾ ਹਥਿਆਰ ਬਰਾਮਦ ਕਰ ਕੇ ਗੁਰਦੁਆਰੇ ਉੱਪਰ ਅੰਗਰੇਜ਼ਾਂ ਨੇ ਆਪ ਕਬਜ਼ਾ ਕਰ ਲਿਆ। ਅਗਲੇ ਦਿਨ 21 ਫਰਵਰੀ ਨੂੰ ਸ। ਮਹਿਤਾਬ ਸਿੰਘ, ਹਰਬੰਸ ਸਿੰਘ ਅਟਾਰੀ ਆਦਿ ਹੋਰ ਸੰਗਤਾਂ ਨਨਕਾਣਾ ਸਾਹਿਬ ਪਹੁੰਚ ਗਈਆਂ। ਭਾਈ ਕਰਤਾਰ ਸਿੰਘ ਝੱਬਰ ਵੀ 22 ਸੌ ਜਵਾਨਾਂ ਦਾ ਜਥਾ ਲੈ ਕੇ ਪਹੁੰਚ ਗਿਆ। ਗੁਰਦੁਆਰੇ ਉੱਪਰ ਸਰਕਾਰੀ ਕਬਜ਼ੇ ਦੀ ਘਟਨਾ ਕਾਰਨ ਸੰਗਤਾਂ ਅੰਦਰ ਰੋਹ ਹੋਰ ਪ੍ਰਚੰਡ ਹੋ ਗਿਆ। ਅੰਗਰੇਜ਼ਾਂ ਨੂੰ ਹਾਰ ਮੰਨਣੀ ਪਈ। ਉਨ੍ਹਾਂ ਗੁਰਦੁਆਰੇ ਦਾ ਪ੍ਰਬੰਧ ਪੰਥ ਦੇ ਹਵਾਲੇ ਕਰ ਦਿੱਤਾ। 22 ਫਰਵਰੀ ਨੂੰ ਪੰਜਾਬ ਦਾ ਗਵਰਨਰ ਨਨਕਾਣਾ ਸਾਹਿਬ ਵਿਖੇ ਪਹੁੰਚਿਆ। 23 ਫਰਵਰੀ ਨੂੰ ਗੁਰ ਮਰਯਾਦਾ ਅਨੁਸਾਰ ਸਾਰੇ ਸ਼ਹੀਦਾਂ ਦਾ ਸੰਸਕਾਰ ਕੀਤਾ ਗਿਆ ਜਿਨ੍ਹਾਂ ਵਿਚ ਸਿੱਖਾਂ ਦੀ ਗਿਣਤੀ 60 ਤੋਂ ਵਧ ਦੱਸੀ ਜਾਂਦੀ ਹੈ। ਇਸ ਦਿਨ ਸਿੱਖ ਪੰਥ ਵੱਲੋਂ ਕਈ ਮਤੇ ਵੀ ਪਾਸ ਹੋਏ। ਗੁਰਦੁਆਰੇ ਕਮੇਟੀ ਵੱਲੋਂ ਸਾਰੇ ਸ਼ਹੀਦਾਂ ਦੇ ਵਾਰਿਸਾਂ ਨੂੰ ਪੈਨਸ਼ਨ ਲਾਉਣ ਅਤੇ ਇਕ ਸ਼ਹੀਦਗੰਜ ਬਣਾਉਣ ਦਾ ਐਲਾਨ ਕਰ ਦਿੱਤਾ। ਸ਼੍ਰੋਮਣੀ ਕਮੇਟੀ ਵੱਲੋਂ 5 ਤੇ 6 ਮਾਰਚ ਨੂੰ ਨਨਕਾਣਾ ਸਾਹਿਬ ਵਿਖੇ ਇੱਥੇ ਹੀ ਸ਼ਹੀਦ ਸਿੰਘਾਂ ਸਿੰਘਣੀਆਂ ਦੇ ਨਿਮਿਤ ਅਖੰਡ ਪਾਠ ਰੱਖਿਆ ਗਿਆ, ਜਿਸ ਵਿਚ ਮਹਾਤਮਾ ਗਾਂਧੀ ਤੇ ਮੁਸਲਮਾਨ ਲੀਡਰ ਸ਼ੌਕਤ ਅਲੀ, ਮੁਹੰਮਦ ਅਲੀ ਵੀ ਸ਼ਾਮਲ ਹੋਏ। ਪੰਜ ਅਪ੍ਰੈਲ 1921 ਨੂੰ ਇਸ ਕਤਲੇਆਮ ਖ਼ਿਲਾਫ਼ ਮੁਕੱਦਮਾ ਚਾਲੂ ਹੋਇਆ। 12 ਅਕਤੂਬਰ 1921 ਨੂੰ ਸੈਸ਼ਨ ਕੋਰਟ ਨੇ ਮਹੰਤ ਨਰਾਇਣ ਦਾਸ ਤੇ ਉਸ ਦੇ 7 ਸਾਥੀਆਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। 8 ਮੁਲਜ਼ਮਾਂ ਨੂੰ ਉਮਰ ਕੈਦ ਕਾਲੇ ਪਾਣੀ ਤੇ ਸੋਲ੍ਹਾਂ ਨੂੰ ਸੱਤ ਸੱਤ ਸਾਲ ਦੀ ਸਜ਼ਾ ਸੁਣਾਈ ਗਈ। ਮਹੰਤ ਵੱਲੋਂ ਇਸ ਫ਼ੈਸਲੇ ਦੇ ਖ਼ਿਲਾਫ਼ ਕੀਤੀ ਨਜ਼ਰਸਾਨੀ ਅਪੀਲ ਵਿਚ ਹਾਈਕੋਰਟ ਨੇ ਤਿੰਨ ਮਾਰਚ 1922 ਨੂੰ ਮਹੰਤ ਨਰਾਇਣ ਦਾਸ ਦੀ ਸਜ਼ਾ ਘਟਾ ਕੇ ਉਮਰ ਕੈਦ ਵਿਚ ਬਦਲ ਦਿੱਤੀ। ਆਤਮਾ ਰਾਮ, ਰਾਂਝਾ ਤੇ ਰਿਹਾਣਾ ਦੀ ਫਾਂਸੀ ਬਰਕਰਾਰ ਰੱਖੀ। ਕੁੱਝ ਚਸ਼ਮਦੀਦ ਗਵਾਹ ਮਹਾਤਮਾ ਗਾਂਧੀ ਦੇ ਪ੍ਰਭਾਵ ਹੇਠ ਗਵਾਹੀ ਤੋਂ ਮੁੱਕਰ ਗਏ ਤੇ ਜ਼ਿੰਮੇਵਾਰ ਮੁਹਤਬਰਾਂ ਨੇ ਠੀਕ ਪੈਰਵੀ ਨਾ ਕੀਤੀ। ਇਸ ਤਰ੍ਹਾਂ ਦੋ ਨੂੰ ਉਮਰ ਕੈਦ ਤੇ ਬਾਕੀ ਮੁਲਜ਼ਮ ਗਵਾਹਾਂ ਦੀ ਅੰਤਰ-ਵਿਰੋਧੀ ਗਵਾਹੀ ਕਾਰਨ ਬਰੀ ਹੋ ਗਏ। ਨਰਾਇਣ ਦਾਸ ਮਹੰਤ ਦੇ ਸਾਥੀਆਂ ਵੱਲੋਂ ਕੀਤੀ ਫਾਇਰਿੰਗ ਵਿਚ ਗੁਰੂ ਘਰ ਉੱਪਰ ਲਗਭਗ 450 ਤੋਂ ਵੀ ਵੱਧ ਗੋਲੀਆਂ ਦੇ ਨਿਸ਼ਾਨ ਵੇਖੇ ਗਏ। ਬਹੁਤ ਸਾਰੇ ਨਿਸ਼ਾਨ ਗੁਰੂ ਘਰ ਦੀ ਉਸਾਰੀ ਵੇਲੇ ਖ਼ਤਮ ਕਰ ਦਿੱਤੇ ਗਏ। ਪਰ ਅੱਜ ਵੀ ਗੁਰਦੁਆਰੇ ਦੇ ਅੰਦਰੂਨੀ ਹਿੱਸੇ ਉੱਪਰ ਕੁੱਝ ਗੋਲੀਆਂ ਦੇ ਨਿਸ਼ਾਨ ਮੌਜੂਦ ਹਨ।

1947 ਵਿਚ ਨਨਕਾਣਾ ਸਾਹਿਬ ਗੁਰਦੁਆਰਾ ਜਨਮ ਅਸਥਾਨ ਇਕੇਰਾਂ ਫੇਰ ਹਿੰਦੂ ਸਿੱਖਾਂ ਦੇ ਸਾਂਝੇ ਖ਼ੂਨ ਨਾਲ ਲੇਥੂ-ਪੇਥੂ ਹੋ ਗਿਆ ਸੀ। ਪਿੰਡਾਂ ਵਿਚੋਂ ਡਰਦੇ ਲੋਕ ਇੱਥੇ ਆ ਕੇ ਸ਼ਰਨ ਲੈ ਬੈਠੇ ਸਨ। ਪਹਿਲਾਂ ਇਹ ਖ਼ਬਰ ਸੀ ਕਿ ਨਨਕਾਣਾ ਸਾਹਿਬ ਸਮੇਤ ਲਾਹੌਰ ਦੇ ਪੰਜਾਬੀ ਸਿੱਖਾਂ ਦੇ ਗੜ੍ਹ ਵਾਲੇ ਖੇਤਰ ਭਾਰਤ ਦੇ ਹਿੱਸੇ ਆਏ ਹਨ ਤੇ ਗੁਰਦਾਸਪੁਰ ਤੇ ਫ਼ਿਰੋਜ਼ਪੁਰ ਪਾਕਿਸਤਾਨ ਕੋਲ ਰਹਿਣੇ ਹਨ। ਇਸ ਲਈ ਬਹੁਤ ਸਾਰੇ ਅਣਭੋਲ ਲੋਕ ਇਸ ਗ਼ਲਤਫ਼ਹਿਮੀ ਦੇ ਸ਼ਿਕਾਰ ਹੋ ਕੇ ਇਨ੍ਹਾਂ ਗੁਰਦੁਆਰਿਆਂ ਵਿਚ ਆ ਵੜੇ ਸਨ। ਪਾਸਾ ਪਲਟ ਗਿਆ। ਨਨਕਾਣਾ ਤੇ ਲਾਹੌਰ ਗੁਰਦੁਆਰੇ ਸ਼ਰਨ ਲਈ ਬੈਠੇ ਉਨ੍ਹਾਂ ਸਿੱਖਾਂ ਲਈ ਹੀ ਨਹੀਂ, ਸਗੋਂ ਹਿੰਦੂਆਂ ਲਈ ਵੀ ਮੌਤ ਦਾ ਪਿੰਜਰਾ ਸਾਬਤ ਹੋਇਆ। ਮੁਸਲਮਾਨ ਅੱਤਵਾਦੀ ਤੇ ਬਲੋਚ ਮਿਲਟਰੀ ਨੇ ਗਿਣੀ ਮਿਥੀ ਸਕੀਮ ਅਨੁਸਾਰ ਪਹਿਲਾਂ ਉਨ੍ਹਾਂ ਨੂੰ ਅੰਦਰ ਦਾ ਰਸਤਾ ਦਿਖਾਇਆ ਤੇ ਫਿਰ ਉਨ੍ਹਾਂ ਦਾ ਵਿਸ਼ਵਾਸ ਜਿੱਤ ਕੇ ਘੋਰ ਅੱਤਿਆਚਾਰਾਂ ਸੰਗ ਤੇਲ ਛਿੜਕ ਕੇ ਅੱਗ ਲਾ ਕੇ ਸਮੂਹ ਕਤਲੇਆਮ ਕਰ ਦਿੱਤਾ। "'


ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S Jewellers Ltd.
Authorized Dealer
20% OFF SEIKO, PULSAR ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off
Surjit S. Kanda * Avtar S. Kanda
604.582.5849
9269 - 120 St. Delta BC V4C 6R8

Homeowner • Fleet • Business • Auto • Travel • Boats • Life • Critical • Cargo • Commercial

7 Days a Week! 9 am to 9pm

HOUSE INSURANCE

| House | Contents | Liability | Premium |
|---|---|---|---|
| $450,000 | $315,000 | 1 Million | $302 /YEAR |
| $550,000 | $385,000 | 1 Million | $346 /YEAR |
| $650,000 | $455,000 | 1 Million | $407 /YEAR |
| $750,000 | $525,000 | 1 Million | $467 /YEAR |

Discounts may vary due to individual circumstances and policy requirements. Rates subject to change without notice.
Above Rates Includes: * Senior Discount * Claims Free Discount * New Home Discount * Mortgage Free Discount * Home Production Discount * Deductible Applicable * Monthly Payment Plan

ਸਾਡੇ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ ਤੱਕ ਖੁੱਲ੍ਹਦੇ ਹਨ।

Truck Insurance & Pro-Rate
ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਫਾਇਨੈਂਸਿੰਗ ਵੀ ਕਰਦੇ ਹਾਂ

ICBC ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਵਾਜਿਬ ਕੀਮਤ 'ਤੇ ਕਰਦੇ ਹਾਂ।

JASWINDER S. PARMAR
604-351-6539

AMC INSURANCE SERVICES LTD.

| SURREY (HEAD OFFICE) | CLOVERDALE | LANGLEY | COQUITLAM | COQUITLAM | VANCOUVER | ABBOTSFORD | NORTH VANCOUVER |
|---|---|---|---|---|---|---|---|
| Ph: 604.507.6666 | Ph: 604.576.6648 | Ph: 604.882.6000 | Ph: 604.939.2425 | Ph: 604-942-3555 | Ph: 604-876-0126 | Ph: 604.744.0360 | Ph: 604-985-3185 |
| #120, 12888 - 80th Ave. | 134 -17455, Hwy 10 | 160-20728 Willoughby Town Center Dr | #404, 552 Clarke Rd | 405-1192 Lansdowne Dr | 4075 Combie Street | 31696 South Fraserway | 140 East 14th Street, North Vancouver |

Call us to Save minimum 10% or more on your Insurance

80th Ave. 128th St. 130th St. AMC Insurance AirCare

ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ।
ਜੇਕਰ ਵੀਜ਼ਾ ਨਾ ਮਿਲੇ ਤਾਂ ਪੈਸੇ ਵਾਪਸ ਕੀਤੇ ਜਾਂਦੇ ਹਨ।
www.amcinsurance.ca • jparmar@amcinsurance.ca

# 4 ਕੈਨੇਡੀਅਨ ਏਅਰਪੋਰਟਸ ਲਈ ਉਡਾਨਾਂ ਮੁਲਤਵੀ ਕਰੇਗੀ ਵੈਸਟਜੈੱਟ

ਕੈਲਗਰੀ-ਕੋਵਿਡ-19 ਕਾਰਨ ਟਰੈਵਲ ਦੀ ਡਿਮਾਂਡ ਘਟਣ ਕਾਰਨ ਵੈਸਟ ਜੈੱਟ ਵੱਲੋਂ ਆਰਜ਼ੀ ਤੌਰ ਉੱਤੇ ਸੇਂਟ ਜੌਹਨਜ਼, ਐਨਐਲ, ਲੰਡਨ, ?ਨਟਾਰੀ ? ਤੇ ਲੌਇਡਮਿੰਸਟਰ ਅਤੇ ਮੈਡੀਸਿਨ ਹੈਟ, ਅਲਬਰਟਾ ਲਈ ਉਡਾਨਾਂ ਮੁਲਤਵੀ ਕੀਤੀਆਂ ਜਾ ਰਹੀਆਂ ਹਨ। 19 ਮਾਰਚ ਤੋਂ ਲੈ ਕੇ 24 ਜੂਨ ਤੱਕ ਇਹ ਉਡਾਨਾਂ ਸਸਪੈਂਡ ਕੀਤੀਆਂ ਜਾ ਰਹੀਆਂ ਹਨ। ਵੈਸਟਜੈੱਟ ਦੇ ਪ੍ਰੈਜ਼ੀਡੈਂਟ ਤੇ ਸੀਈ ? ਐਡ ਸਿੰਮਜ਼ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਅਸਥਿਰਤਾ ਦੇ ਮਾਹੌਲ ਵਿੱਚ ਵੀ ਅਸੀਂ ਘਰੇਲੂ ਤੇ ਕੌਮਾਂਤਰੀ ਉਡਾਨਾਂ ਜਾਰੀ ਰੱਖੀਆਂ ਪਰ ਪਾਬੰਦੀਆਂ ਤੇ ਕੁਆਰਨਟੀਨ ਦੀਆਂ ਸ਼ਰਤਾਂ ਕਾਰਨ ਟਰੈਵਲ ਦੀ ਡਿਮਾਂਡ ਘਟਣ ਕਾਰਨ ਸਾਨੂੰ ਇਹ ਫੈਸਲਾ ਲੈਣਾ ਪਿਆ ਹੈ ਮੰਦਭਾਗੀ ਗੱਲ ਇਹ ਹੈ ਕਿ ਨਵੀਆਂ ਤੇ ਪਾਬੰਦੀ ਭਰੀਆਂ ਨੀਤੀਆਂ ਨਾਲ ਸਾਨੂੰ ਇੱਕ ਵਾਰੀ ਫਿਰ ਇਨ੍ਹਾਂ ਕਮਿਊਨਿਟੀਜ਼ ਲਈ ਉਡਾਨਾਂ ਸਸਪੈਂਡ ਕਰਨੀਆਂ ਪਈਆਂ। ਨਤੀਜੇ ਵਜੋਂ ਹਫਤੇ ਵਿੱਚ ਤਿੰਨ ਵਾਰੀ ਸੇਂਟ ਜੌਹਨਜ਼ ਤੇ ਹੈਲੀਫੈਕਸ ਦਰਮਿਆਨ 21 ਮਾਰਚ ਤੋਂ ਸਸਪੈਂਡ ਹੋ ਜਾਣਗੀਆਂ ਜਦਕਿ ਲੰਡਨ, ?ਨਟਾਰੀ ? ਤੇ ਟੋਰਾਂਟੋ ਦਰਮਿਆਨ ਸੇਵਾਵਾਂ, ਜੋ ਕਿ ਹਫਤੇ ਵਿੱਚ ਚਾਰ ਦਿਨ ਆਪਰੇਟ ਕੀਤੀਆਂ ਜਾਂਦੀਆਂ ਹਨ 22 ਮਾਰਚ ਤੋਂ ਸਸਪੈਂਡ ਕੀਤੀਆਂ ਜਾਣਗੀਆਂ। ਕੈਲਗਰੀ ਤੋਂ ਲੌਇਡਮਿੰਸਟਰ ਤੱਕ ਦੀ ਉਡਾਨ ਹਫਤੇ ਵਿੱਚ ਦੋ ਦਿਨ ਆਪਰੇਟ ਕੀਤੀਆਂ ਜਾਂਦੀਆਂ ਹਨ ਤੇ ਇਹ 19 ਮਾਰਚ ਨੂੰ ਸਸਪੈਂਡ ਹੋਣ ਜਾ ਰਹੀਆਂ ਹਨ। ਕੈਲਗਰੀ ਤੋਂ ਮੈਡੀਸਿਨ ਹੈਟ ਤੱਕ ਦੀ ਉਡਾਨ ਹਫਤੇ ਵਿੱਚ ਇੱਕ ਵਾਰੀ ਆਪਰੇਟ ਕੀਤੀ ਜਾਂਦੀ ਹੈ ਤੇ ਇਹ 21 ਮਾਰਚ ਤੋਂ ਸਸਪੈਂਡ ਹੋ ਰਹੀਆਂ ਹਨ।





TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਿਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)

Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
RUPINDER KAUR 604-518-2577
TEJINDER GREWAL 604-837-3101
rcic · cric
License No. 562


# ਟੀਨੇਜ ਲੜਕੀ ਦੇ ਸਿਰ ਵਿਚ ਗੋਲੀ ਮਾਰਨ ਦੇ ਸਬੰਧ ਵਿੱਚ 17 ਸਾਲਾ ਲੜਕਾ ਗ੍ਰਿਫਤਾਰ

ਟੋਰਾਂਟੋ-ਪਿਛਲੇ ਹਫਤੇ ਇੱਕ 14 ਸਾਲਾ ਲੜਕੀ ਦੇ ਸਿਰ ਵਿੱਚ ਲੱਗੀ ਗੋਲੀ ਦੇ ਮਾਮਲੇ ਵਿੱਚ ਇੱਕ 17 ਸਾਲਾ ਲੜਕੇ ਨੂੰ ਟੋਰਾਂਟੋ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ। ਇਸ ਲੜਕੇ ਦੀ ਪਹਿਲਾਂ ਭਾਲ ਕੀਤੀ ਗਈ ਤੇ ਫਿਰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਉੱਤੇ ਕਈ ਚਾਰਜਿਜ਼ ਲਾਏ ਗਏ ਹਨ ਜਿਵੇਂ ਕਿ




- ਨਜਾਇਜ਼ ਤੌਰ ਉੱਤੇ ਹਥਿਆਰ ਰੱਖਣਾ,
- ਜਾਣਦਿਆਂ ਬੁੱਝਦਿਆਂ ਗੈਰਅਧਿਕਾਰਕ ਹਥਿਆਰ ਰੱਖਣਾ,
- ਪਾਬੰਦੀਸ਼ੁਦਾ ਹਥਿਆਰ ਤੇ ਗੋਲੀ ਸਿੱਕਾ ਰੱਖਣਾ,
- ਲਾਪਰਵਾਹੀ ਨਾਲ ਹਥਿਆਰ ਜਮ੍ਹਾਂ ਕਰਨੇ,
- ਕਿਸੇ ਹੋਰ ਵਿਅਕਤੀ ਦੀ ਜਿੰਦਗੀ ਜਾਂ ਸੇਫਟੀ ਦੀ ਪਰਵਾਹ ਕੀਤੇ ਬਿਨਾਂ ਹਥਿਆਰ ਦੀ ਵਰਤੋਂ ਕਰਨਾ,
- ਗੁੱਸੇ ਵਿੱਚ ਹਮਲਾ ਕਰਨਾ,
- ਕਿਸੇ ਨੂੰ ਸ਼ਰੀਰਕ ਨੁਕਸਾਨ ਪਹੁੰਚਾਉਣ ਲਈ ਮੁਜਰਮਾਨਾਂ ਕਾਰਵਾਈ,
- ਰਲੀਜ਼ ਆਰਡਰਜ਼ ਦੀ ਪਾਲਣਾਂ ਵਿੱਚ ਦੋ ਵਾਰੀ ਅਸਫਲ ਰਹਿਣਾ


ਟੋਰਾਂਟੋ ਪੁਲਿਸ ਨੇ ਦੱਸਿਆ ਕਿ ਪਿਛਲੇ ਹਫਤੇ ਨੌਰਥ ਯੌਰਕ ਵਿੱਚ ਜਿਸ ਲੜਕੀ ਦੇ ਸਿਰ ਵਿੱਚ ਗੋਲੀ ਲੱਗੀ ਸੀ ਹੁਣ ਉਸ ਦੀ ਹਾਲਤ ਸਥਿਰ ਹੈ ਪਰ ਇਸ ਹਾਦਸੇ ਤੋਂ ਬਾਅਦ ਉਸ ਦੀ ਜਿਲ਼ੰਦਗੀ ਕਾਫੀ ਬਦਲ ਜਾਵੇਗੀ। ਲੜਕੀ ਦੇ ਪਿਤਾ ਨੇ ਦੱਸਿਆ ਕਿ ਹੁਣ ਉਨ੍ਹਾਂ ਦੀ ਬੱਚੀ ਨੂੰ ਆਈਸੀਯੂ ਤੋਂ ਬਾਹਰ ਲਿਆਂਦਾ ਜਾ ਚੁੱਕਿਆ ਹੈ ਤੇ ਉਹ ਹੋਸ਼ ਵਿੱਚ ਹੈ ਅਤੇ ਗੱਲਬਾਤ ਵੀ ਕਰ ਰਹੀ ਹੈ। ਇਹ ਘਟਨਾ ਪਿਛਲੇ ਸ਼ੁੱਕਰਵਾਰ ਨੂੰ ਜੇਨ ਤੇ ਫਿੰਚ ਨੇੜੇ ਸਟੌਂਗ ਕੋਰਟ ਉੱਤੇ ਸਥਿਤ ਰਿਹਾਇਸ਼ੀ ਬਿਲਡਿੰਗ ਵਿੱਚ ਸਵੇਰੇ 3:00 ਵਜੇ ਵਾਪਰੀ ਸੀ। ਮੌਕੇ ਉੱਤੇ ਪਹੁੰਚੀ ਪੁਲਿਸ ਨੇ ਪਾਇਆ ਕਿ ਲੜਕੀ ਦੇ ਸਿਰ ਵਿੱਚ ਗੋਲੀ ਲੱਗੀ ਸੀ। ਉਸ ਨੂੰ ਫੌਰਨ ਦ ਹਾਸਪਿਟਲ ਆਫ ਸਿੱਕ ਕਿੱਡਜ਼ ਲਿਜਾਇਆ ਗਿਆ। ਸ਼ੂਟਿੰਗ ਤੋਂ ਬਾਅਦ ਚਾਰ ਮਸ਼ਕੂਕ ਬਿਲਡਿੰਗ ਤੋਂ ਫਰਾਰ ਹੋ ਗਏ। ਜਾਂਚਕਾਰ ਅਜੇ ਵੀ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਅਸਲ ਵਿੱਚ ਉਸ ਸਮੇਂ ਹੋਇਆ ਕੀ ਸੀ।


ਕਿ ਤੁਹਾਨੂੰ ਕਿਰਾਏਦਾਰਾਂ ਨਾਲ ਕੋਈ ਸਮੱਸਿਆ ਹੈ?
ਕਿਰਾਇਆ ਨਾ ਦੇਣਾ, ਪ੍ਰਾਪਰਟੀ ਖਰਾਬ ਕਰਨਾ ਜਾਂ ਕੋਈ ਖ਼ਤਰਨਾਕ ਗਤੀਵਿਧੀ?
ਕਿ ਤੁਹਾਨੂੰ ਕਿਰਾਏਦਾਰਾਂ ਤੋਂ ਕਾਨੂੰਨੀ ਤੌਰ 'ਤੇ ਘਰ ਖਾਲੀ ਕਰਾਉਣ ਬਾਰੇ ਨਹੀਂ ਪਤਾ?
ਇਸ ਨੂੰ ਗਲਤ ਤਰੀਕੇ ਨਾ ਕਰੋ।
ਇੰਟੀਗ੍ਰੇਟਿਡ ਦੇ ਪ੍ਰੋਫੈਸ਼ਨਲਜ਼ ਦੀ ਮਦਦ ਲਵੋ।


ਅਸੀਂ ਪੰਜਾਬੀ ਅਤੇ ਹਿੰਦੀ ਵਿੱਚ ਵੀ ਗੱਲਬਾਤ ਕਰਦੇ ਹਾਂ।
INTEGRATED
CIVIL ENFORCEMENT
Head Office: 9669 186st, Surrey BC
Court Office: 101B – 625 Agnes Street, New Westminster
Visit integratedcivil.ca or
call 1-844-395-4367
ਪੰਜਾਬੀ ਅਤੇ ਹਿੰਦੀ 'ਚ ਗੱਲਬਾਤ ਕਰਨ ਲਈ #2 ਦਬਾਓ
ਇੰਟੀਗ੍ਰੇਟਿਡ ਸਿਵਿਲ ਇੰਫੋਰਸਮੈਂਟ ਇਕ
Government Appointed Solution ਹੈ।
ਜੋ ਤੁਹਾਨੂੰ Notices Serve ਕਰਨ, Court Filings,
ਅਤੇ Removal of Tenants 'ਚ ਮਦਦ ਕਰੇਗਾ।
ਆਪਣੀ ਜਾਇਦਾਦ 'ਤੇ ਦਾਅਵਾ ਹੁਣੇ ਕਰੋ

# ਬੂਟਾ ਸਿੰਘ ਚੌਹਾਨ ਦਾ ਚੌਥਾ .ਗ਼ਜ਼ਲ ਸੰਗ੍ਰਹਿ ਖ਼ੁਸ਼ਬੂ ਦਾ ਕੁਨਬਾ ਲੋਕ ਅਰਪਨ

ਲੁਧਿਆਣਾ-ਪੰਜਾਬੀ ਲੇਖਕ ਸਭਾ ਦੀ ਇਕੱਤਰਤਾ ਵਿੱਚ ਅੱਜ ਬਰਨਾਲਾ ਵੱਸਦੇ ਪੰਜਾਬੀ ਕਵੀ ਬੂਟਾ ਸਿੰਘ ਚੌਹਾਨ ਦਾ ਗ਼ਜ਼ਲ ਸੰਗ੍ਰਹਿ ਖ਼ੁਸ਼ਬੂ ਦਾ ਕੁਨਬਾ ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਧਾਨ ਪ੍ਰੋ: ਰਵਿੰਦਰ ਸਿੰਘ ਭੱਠਲ, ਸਾਬਕਾ ਪ੍ਰਧਾਨ ਪ੍ਰੋ: ਗੁਰਭਜਨ ਗਿੱਲ, ਸਕੱਤਰ ਡਾ: ਗੁਰਇਕਬਾਲ ਸਿੰਘ ਤੇ ਸਹਿਯੋਗੀਆਂ ਨੇ ਲੋਕ ਅਰਪਨ ਕੀਤਾ। ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਮਨਜਿੰਦਰ ਧਨੋਆ ਨੇ ਬੂਟਾ ਸਿੰਘ ਚੌਹਾਨ ਦੀ ਜਾਣ ਪਛਾਣ ਕਰਾਉਂਦਿਆਂ ਕਿਹਾ ਕਿ ਸਾਹਿੱਤ ਸਿਰਜਣਾ ਦੇ ਖੇਤਰ ਵਿੱਚ ਉਹ ਪਿਛਲੇ 35 ਸਾਲ ਤੋਂ ਨਿਰੰਤਰ ਸਰਗਰਮ ਹੈ। ਉਸ ਦੇ ਗ਼ਜ਼ਲ ਸੰਗ੍ਰਹਿ ਸਿਰ ਜੋਗੀ ਛਾਂ, ਖ਼ਿਆਲ ਖ਼ੁਸ਼ਬੋ ਜਿਹਾ ਤੇ ਨੈਣਾਂ ਵਿੱਚ ਸਮੁੰਦਰ ਤੇ ਕਾਵਿ ਸੰਗ੍ਰਹਿ ਦੁੱਖ ਪਰਛਾਵੇਂ ਹੁੰਦੇ ਮੁੱਲਵਾਨ ਕਿਰਤਾਂ ਹਨ। ਨਾਵਲ ਸੱਤ ਰੰਗੀਆਂ ਚਿੜੀਆਂ, ਸਾਥ ਪਰਿੰਦਿਆਂ ਦਾ ਅਤੇ ਕੀ ਪਤਾ ਸੀ ਤੋਂ ਇਲਾਵਾ ਕਹਾਣੀ ਸੰਗ੍ਰਹਿ ਪੁਰਾਣੀ ਇਮਾਰਤ ਵੀ ਵਿਸ਼ਾਲ ਪਾਠਕ ਦਾਇਰਾ ਉਸਾਰ ਚੁਕੇ ਹਨ। ਬਾਲ ਸਾਹਿੱਤ ਤੋਂ ਇਲਾਵਾ ਤਿੰਨ ਮਰਾਠੀ ਨਾਵਲਾਂ ਦਾ ਅਨੁਵਾਦ ਵੀ ਉਸ ਦੀ ਪ੍ਰਾਪਤੀ ਹੈ। ਪੁਸਤਕ ਲੋਕ ਅਰਪਨ ਕਰਦਿਆਂ ਪ੍ਰੋ: ਗੁਰਭਜਨ ਗਿੱਲ ਨੇ ਕਿਹਾ ਕਿ ਬੂਟਾ ਸਿੰਘ ਚੌਹਾਨ ਕਿਰਤ ਨੂੰ ਪ੍ਰਣਾਇਆ ਸਿਰਜਕ ਹੈ। ਘੱਟ ਪਰ ਚੰਗਾ ਲਿਖਣ ਵਾਲਾ ਇਹ ਸ਼ਾਇਰ ਮਾਲਵੇ ਦੀ ਲੋਕ ਪੱਖੀ ਕਾਵਿ ਧਾਰਾ ਦਾ ਸਮਰੱਥ ਪਛਾਣ ਚਿੰਨ੍ਹ ਬਣ ਗਿਆ ਹੈ। ਉਸ ਦੇ ਗ਼ਜ਼ਲ ਸੰਗ੍ਰਹਿ ਖ਼ੁਸ਼ਬੋ ਦਾ ਕੁਨਬਾ ਵਿੱਚ ਵਿਅਕਤੀ ਤੋਂ ਸਮਾਜਿਕ ਸਰੋਕਾਰਾਂ ਦਾ ਵਿਸਥਾਰ ਹੈ। ਪ੍ਰੋ: ਰਵਿੰਦਰ ਭੱਠਲ ਨੇ ਕਿਹਾ ਕਿ ਪਿੰਡ ਤਾਜੋ ਕੇ ਤੋਂ ਬਰਾਸਤਾ ਤਪਾ ਮੰਡੀ ਬਰਨਾਲੇ ਪੁੱਜੇ ਇਸ ਕਵੀ ਨੇ ਸਮਕਾਲੀ ਯਥਾਰਥ ਵਿੱਚ ਆਪਾ ਗੁੰਨ੍ਹ ਕੇ ਸਿਰਜਣਾ ਦਾ ਸਹੀ ਸਮਰੱਥ ਧਰਮ ਪਾਲਿਆ ਹੈ। ਮੈਨੂੰ ਮਾਣ ਹੈ ਕਿ ਉਹ ਮੇਰਾ ਗਿਰਾਈਂ ਵੀ ਹੈ ਤੇ ਪਾਠਕਾਂ ਸਰੋਤਿਆਂ ਦਾ ਚਹੇਤਾ ਕਵੀ ਵੀ। ਡਾ: ਗੁਰਇਕਬਾਲ ਸਿੰਘ, ਸਹਿਜਪ੍ਰੀਤ ਸਿੰਘ ਮਾਂਗਟ ਤੇ ਤ੍ਰੈਲੋਚਨ ਲੋਚੀ ਨੇ ਵੀ ਬੂਟਾ ਸਿੰਘ ਚੌਹਾਨ ਦੀ ਸ਼ਾਇਰੀ ਵਿਚਲੇ ਵੱਖ ਵੱਖ ਰੰਗਾਂ ਨੂੰ ਸਲਾਹਿਆ। ਸਭਿਆਚਾਰਕ ਸੱਥ ਦੇ ਚੇਅਰਮੈਨ ਸ: ਜਸਮੇਰ ਸਿੰਘ ਢੱਟ ਤੇ ਕਰਮਜੀਤ ਸਿੰਘ ਆਰਕੀਟੈਕਟ ਨੇ ਵੀ ਬੂਟਾ ਸਿੰਘ ਚੌਹਾਨ ਦੇ ਕਲਾਮ ਨੂੰ ਲੋਕ ਦਰਦ ਦਾ ਤਰਜਮਾਨ ਕਿਹਾ। ਬੂਟਾ ਸਿੰਘ ਚੌਹਾਨ ਨੇ ਇਸ ਗ਼ਜ਼ਲ ਸੰਗ੍ਰਹਿ ਵਿੱਚੋਂ ਚੋਣਵੀਆਂ ਗ਼ਜ਼ਲਾਂ ਦਾ ਗਾਇਨ ਕਰਕੇ ਸਰੋਤਿਆਂ ਨਾਲ ਸਾਂਝ ਪਾਈ। ਉਨ੍ਹਾਂ ਦੱਸਿਆ ਕਿ 2008 ਵਿੱਚ ਛਪੇ ਇਸ ਸੰਗ੍ਰਹਿ ਵਿੱਚ ਪਿਛਲੇ 12 ਸਾਲ ਦੌਰਾਨ ਲਿਖੀਆਂ 58 ਗ਼ਜ਼ਲਾਂ ਸ਼ਾਮਿਲ ਹਨ। ਆਟਮ ਆਰਟ ਪਟਿਆਲਾ ਵੱਲੋਂ ਛਾਪੀ ਇਸ ਕਿਤਾਬ ਵਿੱਚ ਨਾ ਤਾਂ ਸਿਫ਼ਾਰਸ਼ੀ ਮੁੱਖ ਬੰਦ ਹੈ ਤੇ ਨਾ ਹੀ ਆਤਮ ਕਥਨ। ਮੇਰੀਆਂ ਗ਼ਜ਼ਲਾਂ ਪਾਠਕ ਨਾਲ ਆਪਣਾ ਰਿਸ਼ਤਾ ਆਪ ਬਣਾਉਣਗੀਆਂ। ਬਰਨਾਲਾ ਤੋਂ ਆਏ ਪੱਤਰਕਾਰ ਅਜੀਤਪਾਲ ਜੀਤੀ ਨੇ ਪੰਜਾਬੀ ਲੇਖਕ ਸਭਾ ਦਾ ਧੰਨਵਾਦ ਕੀਤਾ ਜਿਸ ਵੱਲੋਂ ਆਪਣੀ ਇਕੱਤਰਤਾ ਵਿੱਚ ਸੀਨੀਅਰ ਪੱਤਰਕਾਰ ਤੇ ਕਵੀ ਬੂਟਾ ਸਿੰਘ ਚੌਹਾਨ ਦੀ ਗ਼ਜ਼ਲ ਪੁਸਤਕ ਲੋਕ ਅਰਪਨ ਕੀਤੀ ਹੈ।



## ਬਹੁਤੇ ਕੈਨੇਡੀਅਨਾਂ ਦਾ ਜੂਨ ਦੇ ਅੰਤ ਤੱਕ ਹੋ ਜਾਵੇਗਾ ਟੀਕਾਕਰਣ

ਓਟਵਾ-ਫੈਡਰਲ ਹੈਲਥ ਅਧਿਕਾਰੀਆਂ ਵੱਲੋਂ ਕੈਨੇਡਾ ਵਿੱਚ ਵੈਕਸੀਨੇਸ਼ਨ ਦੇ ਸਬੰਧ ਵਿੱਚ ਅਪਡੇਟ ਮੁਹੱਈਆ ਕਰਵਾਈ ਜਾ ਰਹੀ ਹੈ। ਸਰਕਾਰ ਨੂੰ ਉਮੀਦ ਹੈ ਕਿ ਆਉਣ ਵਾਲੇ ਮਹੀਨਿਆਂ ਵਿੱਚ ਵੈਕਸੀਨੇਸ਼ਨ ਦੇ ਕੰਮ ਵਿੱਚ ਮਜ਼ਬੂਤੀ ਲਿਆਂਦੀ ਜਾਵੇਗੀ ਤੇ ਵਾਧਾ ਕੀਤਾ ਜਾਵੇਗਾ। ਇੱਕ ਅੰਦਾਜ਼ੇ ਮੁਤਾਬਕ ਜੂਨ ਦੇ ਅੰਤ ਤੱਕ ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਦਾ ਟੀਕਾਕਰਣ ਹੋ ਜਾਵੇਗਾ।ਹਾਲਾਂਕਿ ਟਰੂਡੋ ਸਰਕਾਰ ਨੂੰ ਮਾਰਚ ਦੇ ਅੰਤ ਤੱਕ ਵੈਕਸੀਨ ਦੀ ਸਪਲਾਈ ਬਹੁਤੀ ਹੱਦ ਤੱਕ ਹਾਸਲ ਹੋ ਜਾਣ ਦੀ ਉਮੀਦ ਹੈ ਪਰ ਹੁਣ ਸਰਕਾਰ ਦਾ ਧਿਆਨ ਦੂਜੀ ਛਿਮਾਹੀ ਉੱਤੇ ਕੇਂਦਰਿਤ ਹੋ ਰਿਹਾ ਹੈ ਜਿੱਥੇ ਸਰਕਾਰ ਨੂੰ ਡਲਿਵਰੀਜ਼ ਵਿੱਚ ਹੋਰ ਵਾਧਾ ਹੋਣ ਦੀ ਆਸ ਹੈ। ਮੇਜਰ ਜਨਰਲ ਡੈਨੀ ਫੋਰਟਿਨ ਦਾ ਕਹਿਣਾ ਹੈ ਕਿ ਦੇਸ਼ ਨੂੰ ਅਪਰੈਲ ਤੇ ਜੂਨ ਦਰਮਿਆਨ ਫਾਈਜ਼ਰ ਤੇ ਮੌਡਰਨਾ ਵੱਲੋਂ 23 ਮਿਲੀਅਨ ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ।ਇਹ ਤਾਂ ਅਜੇ ਮਨਜ਼ੂਰਸ਼ੁਦਾ ਵੈਕਸੀਨ ਦੀ ਡਲਿਵਰੀਜ਼ ਦੀ ਗੱਲ ਹੈ। ਅਜੇ ਤਾਂ ਐਸਟ੍ਰਾਜ਼ੈਨੇਕਾ, ਜੌਹਨਸਨ ਐਂਡ ਜੌਹਨਸਨ ਤੇ ਨੋਵਾਵੈਕਸ ਨੂੰ ਹੈਲਥ ਕੈਨੇਡਾ ਵੱਲੋਂ ਮਨਜ਼ੂਰੀ ਮਿਲਣੀ ਬਾਕੀ ਹੈ। ਹੁਣ ਤੱਕ ਕੈਨੇਡਾ ਵਿੱਚ ਕੋਵਿਡ-19 ਵੈਕਸੀਨ ਦੀਆਂ 1.5 ਮਿਲੀਅਨ ਡੋਜ਼ਾਂ ਪ੍ਰੋਵਿੰਸਾਂ ਨੂੰ ਡਲਿਵਰ ਕੀਤੀਆਂ ਜਾ ਚੁੱਕੀਆਂ ਹਨ ਤੇ 1.3 ਮਿਲੀਅਨ ਲੋਕਾਂ ਦਾ ਟੀਕਾਕਰਣ ਹੋ ਚੁੱਕਿਆ ਹੈ।

## ਕੈਬੇਜਟਾਊਨ ਦੇ ਘਰ ਵਿੱਚ ਛੁਰੇਬਾਜ਼ੀ ਕਾਰਨ ਇੱਕ ਜ਼ਖ਼ਮੀ

ਓਨਟਾਰੀਓ, 18 ਫਰਵਰੀ (ਪੋਸਟ ਬਿਊਰੋ) : ਵੀਰਵਾਰ ਸਵੇਰੇ ਕੈਬੇਜਟਾਊਨ ਦੇ ਇੱਕ ਘਰ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।ਸਵੇਰੇ 8:30 ਵਜੇ ਐਮਰਜੰਸੀ ਅਮਲੇ ਨੂੰ ਬਰਕਲੇ ਸਟਰੀਟ ਤੇ ਸ਼ਟਰ ਸਟਰੀਟ ਸਥਿਤ ਘਰ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਉਸ ਵਿਅਕਤੀ ਉੱਤੇ ਜਾਨਲੇਵਾ ਹਮਲਾ ਹੋਇਆ ਤੇ ਇੱਕ ਮਸ਼ਕੂਕ ਨੂੰ ਹਿਰਾਸਤ ਵਿੱਚ ਵੀ ਲੈ ਲਿਆ ਗਿਆ ਹੈ।ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਮਨੁੱਖੀ ਸਮਗਲਿੰਗ ਦੇ ਸਬੰਧ ਵਿੱਚ ਇੱਕ ਗ੍ਰਿਫਤਾਰ

ਓਨਟਾਰੀਓ-17 ਫਰਵਰੀ, 2021 ਨੂੰ ਇੱਕ 18 ਸਾਲਾ ਲੜਕੀ ਸਾਹਮਣੇ ਆਈ ਤੇ ਉਸਨੇ ਦੱਸਿਆ ਕਿ ਇੱਕ ਵਿਅਕਤੀ ਨੇ ਉਸ ਨੂੰ ਜ਼ਬਰਦਸਤੀ ਜਿਸਮ ਫਰੋਸ਼ੀ ਦੇ ਕੰਮ ਵਿੱਚ ਧੱਕਿਆ। ਉਸ ਲੜਕੀ ਨੇ ਦੱਸਿਆ ਕਿ ਮਸ਼ਕੂਕ ਨਾਲ ਉਸ ਦੀ ਮੁਲਾਕਾਤ ਆਨਲਾਈਨ ਕਲਾਸੀਫਾਈਡਜ਼ ਐਡ ਰਾਹੀਂ ਹੋਈ। ਮਸ਼ਕੂਕ ਨੇ ਕਥਿਤ ਤੌਰ ਉੱਤੇ ਇਸ ਲੜਕੀ ਦਾ ਪੂਰੇ ਜੀਟੀਏ ਵਿੱਚ ਸ਼ੋਸ਼ਣ ਕੀਤਾ। ਇਸ ਸਬੰਧ ਵਿੱਚ ਸ਼ਿਵਾ ਦੇ 29 ਸਾਲਾ ਸਟੀਵਨ ਪੌਂਸ ਨੂੰ ਹਮਲੇ, 5000 ਡਾਲਰ ਤੋਂ ਘੱਟ ਦੀ ਸ਼ਰਾਰਤ ਕਰਨਾ, ਜਿਨਸੀ ਸੇਵਾਵਾਂ ਰਾਹੀਂ ਲਾਹਾ ਲੈਣ, 18 ਸਾਲ ਤੋਂ ਵੱਧ ਉਮਰ ਦੇ ਵਿਅਕਤੀ ਦੀ ਸਮਗਲਿੰਗ ਤੋਂ ਫਾਇਦਾ ਲੈਣਾ, ਕਿਸੇ ਤੋਂ ਜ਼ਬਰਦਸਤੀ ਦੇਹ ਵਪਾਰ ਕਰਵਾਉਣ, ਕਿਸੇ ਨਾਲ ਜਬਰ ਜਿਨਾਹ ਕਰਨ ਸਮੇਤ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੂੰ ਅੱਜ ਜ਼ਮਾਨਤ ਦੀ ਸੁਣਵਾਈ ਲਈ ਪੇਸ਼ ਕੀਤਾ ਜਾਵੇਗਾ। ਪੁਲਿਸ ਵੱਲੋਂ ਉਸ ਦੀ ਇੱਕ ਤਸਵੀਰ ਜਾਰੀ ਕੀਤੀ ਗਈ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਿਸੇ ਹੋਰ ਵਿਅਕਤੀ ਨੂੰ ਉਸ ਨੇ ਆਪਣਾ ਸ਼ਿਕਾਰ ਤਾਂ ਨਹੀਂ ਬਣਾਇਆ।



We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca



PUNJAB LINK
ਪੰਜਾਬ ਲਿੰਕ
ਰਿਅਲ ਅਸਟੇਟ | REAL ESTATE
www.punjablinkpaper.com 604-503-5465



For All Your Real Estate Needs
Amrik Cheema
*PREC
604-369-7000
CENTURY 21 Coastal Realty Ltd.

#105-7928 128th St., Surrey, BC, V3W 4E8
info@amrikcheema.com


# ਫੇਸਬੁੱਕ ਵੱਲੋਂ ਆਸਟ੍ਰੇਲੀਅਨ ਨਾਗਰਿਕਾਂ ਲਈ ਆਪਣੇ ਪਲੇਟਫਾਰਮ ਉੱਤੇ ਖਬਰਾਂ ਵੇਖਣ ਅਤੇ ਸ਼ੇਅਰ ਕਰਨ ਤੇ ਲਾਈ ਰੋਕ

ਕੈਨਬਰਾ (ਆਸਟਰੇਲੀਆ)-ਫੇਸਬੁੱਕ ਨੇ ਆਸਟ੍ਰੇਲੀਅਨ ਸਮੇਂ ਮੁਤਾਬਿਕ ਵੀਰਵਾਰ ਨੂੰ ਘੋਸ਼ਣਾ ਕੀਤੀ ਹੈ ਕਿ ਉਸ ਵੱਲੋਂ ਦੇਸ਼ ਵਿੱਚ ਡਿਜੀਟਲ ਕਾਰੋਬਾਰੀਆਂ ਨੂੰ ਪੱਤਰਕਾਰੀ ਲਈ ਭੁਗਤਾਨ ਕਰਨ ਦੇ ਪ੍ਰਸਤਾਵਿਤ ਕਾਨੂੰਨਾਂ ਦੇ ਕਾਰਨ ਆਪਣੇ ਪਲੇਟਫਾਰਮ ਉੱਤੇ ਆਸਟ੍ਰੇਲੀਅਨ ਨਾਗਰਿਕਾਂ ਲਈ ਖਬਰਾਂ ਨੂੰ ਵੇਖਣ ਅਤੇ ਸ਼ੇਅਰ ਕਰਨ ਤੋਂ ਰੋਕ ਲਾ ਦਿੱਤੀ ਹੈ। ਫੇਸਬੁੱਕ ਨੇ ਕਿਹਾ ਹੈ ਕਿ ਆਸਟਰੇਲੀਅਨ ਪ੍ਰਕਾਸ਼ਕ ਫੇਸਬੁੱਕ 'ਤੇ ਖ਼ਬਰਾਂ ਦੀ ਸਮੱਗਰੀ ਪ੍ਰਕਾਸ਼ਤ ਕਰਨਾ ਜਾਰੀ ਰੱਖ ਸਕਦੇ ਹਨ, ਪਰ ਲਿੰਕ ਅਤੇ ਪੋਸਟਾਂ ਆਸਟਰੇਲੀਆਈ ਸਰੋਤਿਆਂ ਦੁਆਰਾ ਵੇਖੀਆਂ ਜਾਂ ਸਾਂਝੀਆਂ ਨਹੀਂ ਕੀਤੀਆਂ ਜਾ ਸਕਦੀਆਂ, ਯੂਐਸ-ਅਧਾਰਤ ਕੰਪਨੀ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਆਸਟਰੇਲੀਆਈ ਉਪਭੋਗਤਾ ਆਸਟਰੇਲੀਆਈ ਜਾਂ ਅੰਤਰਰਾਸ਼ਟਰੀ ਖਬਰਾਂ ਨੂੰ ਸਾਂਝਾ ਨਹੀਂ ਕਰ ਸਕਦੇ। ਆਸਟ੍ਰੇਲੀਆ ਦੀ ਪਾਰਲੀਮੈਂਟ ਵਿੱਚ ਇਹੋ ਜਿਹੇ ਕਾਨੂੰਨਾਂ ਉਤੇ ਵਿਚਾਰ ਵਟਾਂਦਰਾ ਚੱਲ ਰਿਹਾ ਹੈ ਜਿਸ ਨਾਲ ਗੂਗਲ ਅਤੇ ਫੇਸਬੁੱਕ ਨੂੰ ਆਸਟ੍ਰੇਲੀਅਨ ਖਬਰਾਂ ਪ੍ਰਕਾਸ਼ਿਤ ਕਰਨ ਬਦਲੇ ਭੁਗਤਾਨ ਕੀਤੇ ਜਾਣ ਦੀ ਵਿਵਸਥਾ ਹੋਵੇਗੀ। ਗੂਗਲ ਵੱਲੋਂ ਵੀ ਇਹ ਧਮਕੀ ਦਿੱਤੀ ਗਈ ਹੈ ਕਿ ਉਹ ਆਸਟ੍ਰੇਲੀਆ ਵਿੱਚੋਂ ਆਪਣਾ ਸਰਚ ਇੰਜਨ ਹਟਾ ਸਕਦਾ ਹੈ। ਆਸਟਰੇਲੀਆ ਤੋਂ ਬਾਹਰਲੇ ਅੰਤਰਰਾਸ਼ਟਰੀ ਉਪਭੋਗਤਾ ਵੀ ਆਸਟਰੇਲੀਆ ਦੀਆਂ ਖਬਰਾਂ ਸਾਂਝੀਆਂ ਨਹੀਂ ਕਰ ਸਕਦੇ। ਇਹ ਐਲਾਨ ਆਸਟ੍ਰੇਲੀਆ ਦੇ ਫੈਡਰਲ ਖਜ਼ਾਨਚੀ ਜੋਸ਼ ਫ੍ਰਾਈਡਨਬਰਗ ਦੁਆਰਾ ਆਸਟਰੇਲੀਆਈ ਮੀਡੀਆ ਕੰਪਨੀਆਂ ਨਾਲ ਫੇਸਬੁੱਕ ਅਤੇ ਗੂਗਲ ਦਰਮਿਆਨ ਹੋਈ ਗੱਲਬਾਤ ਨੂੰ ਬਹੁਤ ਹੀ ਮਹੱਤਵਪੂਰਨ ਦੱਸਿਆ ਗਿਆ ਹੈ। ਫਰਾਈਡਨਬਰਗ ਨੇ ਕਿਹਾ ਕਿ ਹਫਤੇ ਦੇ ਅੰਤ ਵਿੱਚ ਫੇਸਬੁੱਕ ਦੇ ਸੀਈ? ਮਾਰਕ ਜੁਕਰਬਰਗ ਅਤੇ ਐਲਫਾਬੇਟ ਇੰਕ ਅਤੇ ਇਸਦੀ ਸਹਾਇਕ ਕੰਪਨੀ ਗੂਗਲ ਦੇ ਮੁੱਖ ਕਾਰਜਕਾਰੀ ਸੁੰਦਰ ਪਿਚਾਈ ਨਾਲ ਗੱਲਬਾਤ ਤੋਂ ਬਾਅਦ, ਉਸਨੂੰ ਪੂਰਾ ਵਿਸ਼ਵਾਸ ਹੈ ਕਿ ਪਲੇਟਫਾਰਮ "ਇਨ੍ਹਾਂ ਵਪਾਰਕ ਪ੍ਰਬੰਧਾਂ ਵਿੱਚ ਦਾਖਲ ਹੋਣਾ ਚਾਹੁੰਦੇ ਹਨ।"

# ਐਂਡਰਿਉ ਵਿਲਕਿਨਸਨ ਵਲੋਂ ਬੀਸੀ ਲਿਬਰਲ ਨੇਤਾ ਵਜੋਂ ਰਸਮੀ ਰੂਪ ਵਿਚ ਅਸਤੀਫਾ

## ਨਵੇਂ ਆਗੂ ਦੀ ਚੋਣ ਸਾਲ ਦੇ ਅੰਦਰ ਕਰਵਾਉਣੀ ਜਰੂਰੀ

ਵਿਕਟੋਰੀਆ-ਬੀਸੀ ਲਿਬਰਲ ਪਾਰਟੀ ਦੇ ਸਾਬਕਾ ਨੇਤਾ ਐਂਡਰਿਉ ਵਿਲਕਿਨਸਨ ਨੇ ਰਸਮੀ ਰੂਪ ਵਿਚ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਜਿਸ ਦਾ ਮਤਲਬ ਪਾਰਟੀ ਨੂੰ ਇਕ ਸਾਲ ਦੇ ਅੰਦਰ ਜਾਨਸ਼ੀਨ ਦੀ ਚੋਣ ਕਰਨੀ ਪਵੇਗੀ। ਪਾਰਟੀ ਦੇ ਐਕਟਿੰਗ ਪ੍ਰਧਾਨ ਡੋਨ ਸਿਲਵਰਸਾਈਡਸ ਨੇ ਇਕ ਬਿਆਨ ਵਿਚ ਕਿਹਾ ਕਿ ਐਂਡਰਿਉ ਵਿਲਕਿਨਸਨ ਨੇ ਆਪਣਾ ਅਸਤੀਫਾ ਸੌਂਪ ਦਿੱਤਾ ਹੈ।। ਪਾਰਟੀ ਨਿਯਮਾਂ ਮੁਤਾਬਿਕ ਨੇਤਾ ਦੇ ਅਸਤੀਫੇ ਪਿੱਛੋਂ ਇਕ ਸਾਲ ਦੇ ਅੰਦਰ ਅੰਦਰ ਲੀਡਰਸ਼ਿਪ ਲਈ ਵੋਟਾਂ ਕਰਵਾਉਣੀਆਂ ਜ਼ਰੂਰੀ ਹਨ ਜਿਸ ਦਾ ਮਤਲਬ 16 ਫਰਵਰੀ 2022 ਤੱਕ ਪਾਰਟੀ ਨੂੰ ਕਿਸੇ ਨਾ ਕਿਸੇ ਦੀ ਚੋਣ ਕਰਨੀ ਪਵੇਗੀ। ਵਿਲਕਿਨਸਨ ਨੇ ਸੂਬਾ ਚੋਣਾਂ ਵਿਚ ਐਨ ਡੀ ਪੀ ਦੇ ਹੱਥੋ ਮਿਲੀ ਵੱਡੀ ਹਾਰ ਤੋਂ ਦੋ ਦਿਨ ਪਿੱਛੋਂ 26 ਅਕਤੂਬਰ ਨੂੰ ਆਪਣੇ ਅਹੁਦੇ ਤੋਂ ਹਟਣ ਦੇ ਇਰਾਦੇ ਦਾ ਐਲਾਨ ਕੀਤਾ ਸੀ। ਇਨ੍ਹਾਂ ਚੋਣਾਂ ਵਿਚ ਲਿਬਰਲ ਮੈਟਰੋ ਵੈਨਕੂਵਰ ਵਿਚ ਲਿਬਰਲ ਦੇ ਰਵਾਇਤੀ ਗੜ੍ਹਾਂ ਵਿਚ 13 ਸੀਟਾਂ ਹਾਰ ਗਏ ਸਨ। ਵਿਲਕਿਨਸਨ ਜਿਨ੍ਹਾਂ ਨੂੰ ਵੋਟਰਾਂ ਨਾਲ ਸੰਪਰਕ ਕਰਨ ਤੋਂ ਦੂਰ ਰਹਿਣ ਕਾਰਨ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਨੇ ਪਹਿਲਾਂ ਪਹਿਲ ਕਿਹਾ ਕਿ ਪੱਕੇ ਨੇਤਾ ਦੀ ਚੋਣ ਤੱਕ ਉਹ ਨੇਤਾ ਵਜੋਂ ਬਣੇ ਰਹਿਣਗੇ ਪਰ ਪਾਰਟੀ ਦੇ ਅੰਦਰੋ ਪਏ ਦਬਾਅ ਕਾਰਨ ਉਹ ਪਾਸੇ ਹਟਣ ਲਈ ਮਜ਼ਬੂਰ ਹੋ ਗਏ। ਪੰਜ ਵਾਰ ਐਮ ਐਲ ਏ ਬਣੀ ਸ਼ਰਲੀ ਬੌਂਡ ਨੂੰ ਅੰਤਰਿਮ ਨੇਤਾ ਵਜੋਂ ਚੁਣਿਆ ਗਿਆ ਸੀ। ਸਿਲਵਰਸਾਈਡਸ ਨੇ ਕਿਹਾ ਕਿ ਉਹ ਅਗਲੇ ਕਦਮਾਂ 'ਤੇ ਚਰਚਾ ਕਰਨ ਲਈ 28 ਦਿਨਾਂ ਦੇ ਅੰਦਰ ਅੰਦਰ ਪਾਰਟੀ ਕਾਰਜਕਾਰਨੀ ਦੀ ਮੀਟਿੰਗ ਬੁਲਾਉਣਗੇ।




Offering Services For All Your Business and Real Estate Needs
- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION

www.hughesco.com CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNYSANGHA • PERSONALREALESTATECORPORATION

15428 28 AVENUE

$1,199,000 Subdividable

Attention Investors & Builders... Collect rent now and develop later. The PLA has been approved by the city for the two RF10 lots each with 31ft frontage. The home is in good condition and currently rented for $2100/month with 10 months remaining on the lease. No Door Knocking. Call now for more information

#603 13308 CENTRAL AVE.

$549,000

Welcome to Evolve, Downtown's Surrey's newest building. Just one-year-old building located in the core of Surrey's downtown near all types of transport, shopping, restaurants, and universities. This two bedrooms two bathroom unit is located on the 6th floor facing northwest with a huge balcony. The property has been rented for $1600/ month to good tenants. Call today to book your private showing.


Sunny Sangha
604-356-5555
SUNNY SANGHA Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

# We Can Help You Sell Your House!



**Satvir Cheema**
**604-240-9148**
satvir.cheema@century21.ca

**Amrik Cheema**
*PREC
**604-369-7000**
info@amrikcheema.com



CENTURY 21
Coastal Realty Ltd.

## 2 Warehouse For Sale. Side by Side. Ideal for Autobody shop (Car Mechanic) or Repair Shop. Located opposite Payal Business Centre.

### 8193 144 ST., SURREY




Newly and Extensively Renovated home, in the sought after Location of Brookside, sitting on Over 12000 sq. ft. rectangular lot. Recently Well Over $200,000.00 spent renovating with new flooring, Carpets and tiles, new lighting fixtures, new kitchen cabinet, new appliances.... and all the bathrooms fully renovated, new furnace, new hot water tank and New Windows.... Plus lot more. Ground floor contains spacious 2 bedroom suite, and potential to have another 1 Bedroom suite to have great Mortgage help. Easy access to Shopping, schools, Transit. Walking Distance to Gurdwara Sahib and Hindu Temple. Book your showing now!!!!

### #2 12088 76 AVE., SURREY




Centrally Located BRAND NEW TOWNHOUSE complex in Strawberry Hill Area. Close to shopping, all amenities, variety of restaurants and Strawberry Hill Cineplex. The B plan in Building 2 features 3 bed + Flex home, 3 ½ Bathroom, fenced back yard. Wide Open main floor level features a Big Living room area combined with Dining room area and A Big Kitchen. Master bedroom for a king sized bed, walk through closet and private ensuite. Two more very good size bedrooms and a big bath. Laundry is also spacious with side by side Washer and Dryer. All the units in this complex have side by side double garages. Walking distance to elementary school, parks, transit and Scottsdale Exchange Bus Loop and easy access to all major routes.

### #8 12088 76 AVE., SURREY




Centrally Located BRAND NEW TOWNHOUSE complex in Strawberry Hill Area. Close to shopping, all amenities, variety of restaurants and Strawberry Hill Cineplex. The B plan in Building 2 features 3 bed + Flex home, 3 ½ Bathroom, fenced back yard. Wide Open main floor level features a Big Living room area combined with Dining room area and A Big Kitchen. Master bedroom for a king sized bed, walk through closet and private ensuite. Two more very good size bedrooms and a big bath. Laundry is also spacious with side by side Washer and Dryer. All the units in this complex have side by side double garages. Walking distance to elementary school, parks, transit and Scottsdale Exchange Bus Loop and easy access to all major routes.

## OFFICE SPACE FOR RENT/LEASE

2200 sq. ft Office Space for Rent/ Lease is available at Scott road and 72 avenue, Near Gurdwara Sahib.
Ideal for professional office space, Lots of Street Exposure to all the traffic on Scott Road
Call for more info

### 14240 62 AVE., SURREY




Location! Location! Brand new, Beautifully built home right in the heart of Sullivan Station. Close to all level of schools, shopping and Restaurants. Easy access to all major routes and Hwys. Very practical open concept with large living and dining area and Big kitchen with attached Big family room and nook area. Spice kitchen is very good size as well. A big Bedroom with own ensuite on the main floor is a bonus. Upstairs has very well laid out plan with 4 Big Bedrooms and 3 full washrooms. A Big 2 Bedroom legal suite as mortgage helper. A big entertainment area with own wet bar is a perfect fit for big family gatherings.

### 12498 90A AVE., SURREY




Location! Location!! In the highly sought after Queen Mary Park area. A very well kept, Recently renovated homes. Over $70,000.00 spent on renovations in last month or so, with many New updates. Huge backyard and Sundeck in the back to enjoy Summer parties. 2 Story home has a very popular layout on the main floor with Big Living room and Dinning room area. Family room is very big and all the Bedrooms are very good size as well. basement has 2+1 bedrooms suites as mortgage helpers. Central Location, walking distance to both level of schools, shopping and all major routes and close to Surrey central city.

### 9256 126 ST., SURREY




Location!! In the highly sought after area, Queen Mary Park in Surrey, An Ideal House for first time buyers with a BIG over 7400 sq.ft. lot. Very well kept and partially renovated home has 3 bedrooms, A Big Living room, Dining room and family room upstairs. For mortgage help, this house has TWO 2 bedroom suites. Walking distance to both levels of school, shopping area and transit. Easy access to all major routes.

# RIGHT LINK LOGISTICS LTD.

## HIRING HIRING HIRING HIRING HIRING




## COMPANY DRIVERS AND OWNER OPERATORS

# TEAM OR SOLO

**U.S.A Routes: BC to CA, AZ, TX**
**Canada Routes: BC / AB or Canada Wide**
**Paid Picks and Drops**
**Extended Medical Benefits and Travel Insurance**
**Yard to Yard Work**
**Brand New Trucks & Trailers**

Right-Link
Logistics Ltd

## Call: +1-604-857-4777 / 778-344-1964
## Email: team@rightlink.ca

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community


HUGHES
& COMPANY
LAW CORPORATION
Chipotle Mexican Grill
See outside
Hughes & Company Law Corporation
Website Directions Save
4.9 ★★★★★ 62 Google reviews
Conveyancer in Vancouver, British Columbia
Address: 777 W Broadway #505, Vancouver, BC V5Z 1J5
Hours: Closed · Opens 9 a.m. Tue.
Phone: (604) 602-1828
Appointments: hughesco.com
Province: British Columbia

★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch

# ਮੋਦੀ ਤੰਤਰ ਵਿਚ ਕਿੱਥੇ ਹੈ ਲੋਕਤੰਤਰ ?



ਹਰਕੀਰਤ ਕੌਰ
9779118066

ਭਾਰਤ ਨੂੰ ਅਜ਼ਾਦ ਹੋਇਆ 70 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ , ਪਰ ਵਿਹਾਰ ਵਿੱਚ ਅਤੇ ਰਾਜਨੀਤਕ ਧਰਾਤਲ ਵਿੱਚ ਕਿਤੇ ਵੀ ਅਜ਼ਾਦ ਦੇਸ਼ ਦੀ ਮੂਲ ਭਾਵਨਾ ਦੇ ਦਰਸ਼ਨ ਨਹੀਂ ਹੁੰਦੇ। ਦੇਸ਼ ਦੀਆਂ ਦੋ ਮੁੱਖ ਰਾਜਸੀ ਪਾਰਟੀਆਂ ਜਿੰਨਾ ਉੱਤੇ ਲੋਕਤੰਤਰ ਨੂੰ ਜੀਵੰਤ ਤੇ ਮਜ਼ਬੂਤ ਬਣਾਉਣ ਦਾ ਦਾਰੋਮਦਾਰ ਹੈ ਅਤੇ ਤੀਸਰੀ ਉਹ ਤਾਕਤ ਜੋ ਅਚਾਨਕ ਬਦਲਾਅ ਦੀ ਰਾਹ ਦੇਖ ਰਹੇ ਭਾਰਤੀਆਂ ਲਈ ਸੁਪਨਾ ਬਣ ਕੇ ਆਈ, ਇਹ ਸਾਰੇ ਗਣਤੰਤਰ ਤੇ ਸੁਤੰਤਰ ਦੇ ਨਾਅਰੇ ਤੇ ਆਪਣੇ ਆਪਣੇ ਤੰਤਰ ਨੂੰ ਹੀ ਮਜਬੂਤ ਬਣਾ ਰਹੇ ਹਨ । ਭਾਜਪਾ ਹਮੇਸ਼ਾ ਮੋਦੀ ਦਾ ਤੰਤਰ ਲਾਗੂ ਕਰਨਾ ਚਾਹੁੰਦੀ ਹੈ ਅਤੇ ਕਾਂਗਰਸ ਰਾਹੁਲ ਦੇ ਤੰਤਰ ਨੂੰ ਦੇਸ਼ ਦੀ ਛਤਰੀ ਬਣਾਉਣਾ ਚਾਹੁੰਦੀ ਹੈ। ਨਵਾਂ ਅਤੇ ਸੰਭਾਵਨਾਵਾਂ ਭਰਿਆ ਬਦਲ ਵੀ ਸੋਚ ਦੇ ਮਾਮਲੇ ਵਿੱਚ ਕੰਗਾਲ ਹੈ। ਉਹ ਗਣਤੰਤਰ ਦੇ ਨਾਅਰੇ ਤੇ ਕਿਸੇ ਵਿਅਕਤੀ ਵਿਸ਼ੇਸ਼ ਦਾ ਤੰਤਰ ਹੀ ਦੇਸ਼ ਉੱਤੇ ਥੋਪਣਾ ਚਾਹੁੰਦੇ ਹਨ। ਕੁੱਲ ਮਿਲਾ ਕੇ ਭਾਵੇਂ ਸਾਡਾ ਦੇਸ਼ ਲੋਕਤੰਤਰੀ ਦੇਸ਼ ਦੇ ਤੌਰ ਤੇ ਪ੍ਰਪੱਕ ਹੋ ਚੁੱਕਾ ਹੈ, ਭਾਵੇਂ ਇਸਨੂੰ ਦੁਨੀਆਂ ਵਿੱਚ ਸੀਨੀਅਰ ਅਤੇ ਸੰਵੇਦਨਸ਼ੀਲ ਲੋਕਤੰਤਰ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਪਰ ਹਕੀਕਤ ਵਿੱਚ ਅਜਿਹਾ ਨਹੀਂ ਹੈ। ਭਾਰਤ ਵਿੱਚ ਲੋਕਤੰਤਰ ਦਾ ਅੱਜ ਵੀ ਵਿਹਾਰ ਕੁਝ ਹੋਰ ਹੈ ਅਤੇ ਗੱਲਾਂ ਤੇ ਕਿਤਾਬਾਂ ਵਿੱਚ ਕੁਝ ਹੋਰ। ਆਖਰ ਕਦ ਤੱਕ ਗਣਤੰਤਰ ਦੇ ਨਾਂਅ ਤੇ ਕੁਝ ਖਾਸ ਲੋਕਾਂ ਦਾ ਤੰਤਰ ਭਾਰੂ ਰਹੇਗਾ ਅਤੇ ਆਮ ਲੋਕ ਉਸ ਤੰਤਰ ਵਿੱਚ ਪਿਸਦੇ ਰਹਿਣਗੇ ? 72 ਸਾਲ ਕਿਸੇ ਵੀ ਕੌਮ ਜਾਂ ਦੇਸ਼ ਦੀ ਅਜ਼ਾਦੀ ਲਈ ਥੋੜਾ ਸਮਾਂ ਨਹੀਂ ਹੁੰਦਾ। 8 ਸਾਲ ਬਾਅਦ ਤਾਂ ਪੀੜੀਆਂ ਬਦਲ ਜਾਂਦੀਆਂ ਹਨ, ਭਾਵ ਕਿ ਭਾਰਤ ਨੂੰ ਗਣਤੰਤਰ ਬਣਿਆ 9 ਪੀੜੀਆਂ ਗੁਜ਼ਰ ਚੁੱਕੀਆਂ ਹਨ। ਪਰ ਗਰੀਬੀ, ਭ੍ਰਿਸ਼ਟਾਚਾਰ, ਵਿਤਕਰੇਬਾਜ਼ੀ, ਬੇਰੁਜ਼ਗਾਰੀ ਅਤੇ ਕਿਸਾਨਾਂ ਦੀ ਦੁਰਦਸ਼ਾ ਸਾਰੀਆਂ ਦੀਆਂ ਸਾਰੀਆਂ ਸੱਮਸਿਆਵਾਂ ਮੁੱਢਲੇ ਤੌਰ ਤੇ ਉਹੋ ਜਿਹੀਆਂ ਹੀ ਹਨ, ਜਿਹੋ ਜਿਹੀਆਂ 7 ਦਹਾਕੇ ਪਹਿਲਾਂ ਸਨ। ਇਸ ਵਿੱਚ ਕੋਈ ਦੋ ਰਾਵਾਂ ਨਹੀ ਕਿ ਅਜ਼ਾਦੀ ਦਾ ਮਤਲਬ ਕਿਸੇ ਹੱਦ ਤੱਕ ਅਜ਼ਾਦੀ ਹੀ ਹੈ, 46 ਫੀਸਦੀ ਆਮ ਭਾਰਤੀਆਂ ਨੂੰ ਨਾ ਸਿਰਫ਼ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰਨਾ ਪੈ ਰਿਹਾ ਹੈ, ਬਲਕਿ ਕਿਸੇ ਵੀ ਕਿਸਮ ਦੇ ਸੁਪਨੇ ਦੇਖਣ ਦੀ ਵੀ ਛੋਟ ਨਹੀਂ ਹੈ । ਭਾਰਤ ਸਰਕਾਰ ਦੇ ਹੀ ਵੱਖ ਵੱਖ ਅੰਕੜੇ ਕਹਿ ਰਹੇ ਹਨ ਕਿ ਦੇਸ਼ ਦੇ 70 ਫੀਸਦੀ ਤੋਂ ਵਧੇਰੇ ਲੋਕ ਹਨ, ਜਿੰਨਾ ਕੋਲ ਇੱਕ ਦਿਨ ਵਿੱਚ ਖਰਚਣ ਲਈ ਅੱਧਾ ਡਾਲਰ ਭਾਵ ਕਿ 32 ਰੁਪਏ ਵੀ ਨਹੀਂ ਹਨ। ਦੇਸ਼ ਦੇ ਅੱਧੇ ਤੋਂ ਵਧੇਰੇ ਲੋਕ ਹਰ ਦਿਨ ਸਿਰਫ਼ 20 ਰੁਪਏ ਵਿੱਚ ਗੁਜ਼ਾਰਾ ਕਰਨ ਨੂੰ ਮਜ਼ਬੂਰ ਹਨ। ਇਹ ਗੱਲ ਸਿਰਫ਼ ਰੋਜਮਰਾ ਦੇ ਜੀਵਨ ਨਿਰਵਾਣ ਦੇ ਸੰਦਰਭ ਵਿੱਚ ਹੀ ਸੱਚ ਨਹੀਂ ਹੈ, ਸਗੋਂ ਸੱਚ ਤਾਂ ਇਹ ਵੀ ਹੈ ਕਿ ਭਾਰਤ ਹਰ ਸਾਲ ਦੁਨੀਆਂ ਵਿੱਚ 32 ਲੱਖ ਗਰੈਜੂਏਟ ਪੈਦਾ ਕਰਦਾ ਹੈ ਪਰ ਉਹਨਾਂ ਵਿੱਚੋਂ ਬਹੁਤਾਤ ਸਾਰੀ ਉਮਰ ਪੜੇ ਲਿਖੇ ਅਨਪੜ ਬਣ ਕੇ ਗੁਜ਼ਾਰਦੇ ਹਨ। ਸਵਾਲ ਇਹ ਹੈ ਕਿ 7 ਦਹਾਕਿਆਂ ਬਾਅਦ ਪ੍ਰਭੂਸੱਤਾ ਸੰਪੰਨ ਗਣਤੰਤਰ ਨੌਜਵਾਨਾਂ ਅਤੇ ਭਵਿੱਖ ਦੀਆਂ ਪੀੜੀਆਂ ਲਈ ਕੀ ਅਰਥ ਰੱਖਦਾ ਹੈ ? ਸੰਵਿਧਾਨ ਵਿੱਚ ਹਰ ਕਿਸੇ ਨੂੰ ਪ੍ਰਗਟਾਵੇ ਦੀ ਅਜ਼ਾਦੀ ਮਿਲੀ ਹੈ, ਜੀਵਨ ਜਿਉਣ ਦੀ ਅਜ਼ਾਦੀ ਮਿਲੀ ਹੈ ਪਰ 72 ਸਾਲ ਬਾਅਦ ਵੀ ਭਾਰਤ ਵਿੱਚ ਪ੍ਰਗਟਾਵੇ ਦਾ ਮਤਲਬ ਹੈਸੀਅਤ ਦੇ ਮੁਤਾਬਿਕ ਬੋਲਣ ਤੋਂ ਹੈ। ਭਾਵੇਂ ਸੰਵਿਧਾਨ ਵਿੱਚ ਸਭ ਨੂੰ ਪ੍ਰਗਟਾਵੇ ਦਾ ਅਧਿਕਾਰ ਹੈ ਪਰ ਵਿਹਾਰ ਵਿੱਚ ਅਜਿਹਾ ਨਹੀਂ ਹੈ ।




ਪੁਲਿਸ ਪ੍ਰਸ਼ਾਸਨ ਤੇ ਦੂਜੇ ਮਹਿਕਮੇ ਅਜ਼ਾਦੀ ਦਾ ਅਹਿਸਾਸ ਹੋਣ ਹੀ ਨਹੀਂ ਦਿੰਦੇ। ਅੱਜ ਵੀ ਭਾਰਤੀ ਕਿਸੇ ਸੰਕਟ ਸਮੇਂ ਪੁਲਿਸ ਤੋਂ ਸਹਾਇਤਾ ਮੰਗਣ ਨਾਲੋਂ ਬਿਹਤਰ ਉਸ ਸੰਕਟ ਵਿੱਚ ਗੁਜ਼ਰ ਜਾਣਾ ਚੰਗਾ ਸਮਝਦਾ ਹੈ। ਪੁਲਿਸ ਅਤੇ ਲੋਕਾਂ ਦਾ ਰਿਸ਼ਤੇ ਤੰਤਰ ਦੀ ਨੌਕਰਸ਼ਾਹੀ ਦੀ ਵਿਚੋਲਗੀ ਦੇ ਚਲਦਿਆਂ ਸਹਿਜ, ਭਰੋਸੇਯੋਗ ਅਤੇ ਮਿੱਤਰਤਾ ਵਾਲੇ ਬਣੇ ਹੀ ਨਹੀਂ ਹਨ। ਜੇਕਰ ਗੱਲ ਖੇਤੀਬਾੜੀ ਦੀ ਕਰ ਲਈਏ ਤਾਂ ਪਿਛਲੇ ਸਮੇਂ ਤੋਂ ਚੱਲਦੇ ਆ ਰਹੇ ਕਿਸਾਨੀ ਅੰਦੋਲਨ ਤੋਂ ਲੋਕਤੰਤਰ ਵਿੱਚੋਂ ਮੋਦੀਤੰਤਰ ਦੀ ਬਦਬੂ ਆਉਂਦੀ ਹੈ। ਆਪਣੇ ਹੱਕਾਂ ਲਈ ਸੜਕਾਂ ਉੱਤੇ ਵਿਲਕਦੇ ਕਿਸਾਨਾਂ ਨੂੰ ਦੇਖ ਮੈਨੂੰ ਅਦਮਗੋਂਡਵੀ ਦੇ ਬਹੁਤ ਸਮਾਂ ਪਹਿਲਾਂ ਕਹੇ ਬੋਲ ਯਾਦ ਆਉਂਦੇ ਹਨ, ਜੋ ਅੱਜ ਬਿਲਕੁਲ ਸੱਚ ਨਜ਼ਰ ਆਉਂਦੇ ਹਨ ਕਿ.....

" ਸੌ ਮੇਂ ਸੱਤਰ ਫੀਸਦੀ ਫਿਲਹਾਲ ਜਬ ਨਾਸਾਜ਼ ਹੈਂ
ਦਿਲ ਪੇਸ਼ ਰੱਖ ਕਰ ਹਾਥ ਕਹੀਏ ਮੁਲਕ ਕਯਾ ਅਜ਼ਾਦ ਹੈ ? "

## ਲੋਕਾਂ ਨੂੰ ਨਿੰਦਣਾ ਛੱਡੀਏ

ਹਰਕੀਰਤ ਕੌਰ

ਆਪਣੇ ਜੀਵਨ ਵਿੱਚ ਬਹੁਤ ਸਫ਼ਲ ਰਹਿ ਚੁੱਕੇ ਵਿਅਕਤੀਆਂ ਦੀ ਜੀਵਨੀ ਪੜੀਏ ਤਾਂ ਪਤਾ ਲੱਗਦਾ ਹੈ ਕਿ ਉਹ ਹਮੇਸ਼ਾ ਆਪਣੇ ਆਪ ਵੱਲ ਧਿਆਨ ਦਿੰਦੇ ਸਨ। ਉਹਨਾਂ ਨੂੰ ਦੂਸਰੇ ਲੋਕਾਂ ਨਾਲ ਕੋਈ ਫਰਕ ਨਹੀਂ ਸੀ ਪੈਂਦਾ। ਪਰ ਜੇਕਰ ਅਸੀਂ ਆਪਣੇ ਸਮਾਜ ਜਾਂ ਆਮ ਲੋਕਾਂ ਦੀ ਗੱਲ ਕਰੀਏ ਤਾਂ ਅਸੀਂ ਸਾਰੇ ਆਪਣਾ ਵਧੇਰੇ ਸਮਾਂ ਦੂਸਰਿਆਂ ਦੀਆਂ ਤਰੀਫਾਂ ਕਰਨ ਜਾਂ ਨਿੰਦਿਆ ਕਰਨ ਵਿੱਚ ਅਜਾਈ ਗਵਾ ਦਿੰਦੇ ਹਾਂ। ਕੀ ਅਸੀਂ ਸੱਚਮੁੱਚ ਏਨੇ ਵਿਹਲੇ ਹਾਂ ਕਿ ਦੂਸਰਿਆਂ ਦੇ ਨੁਕਸ ਕੱਢ ਸਕੀਏ ? ਮੈਂ ਆਮ ਹੀ ਦੇਖਦੀ ਹਾਂ ਕਿ ਅਸੀਂ ਕਿਸੇ ਦੇ ਵੀ ਕੱਪੜਿਆਂ, ਬੋਲਚਾਲ, ਰਹਿਣ ਸਹਿਣ, ਆਮਦਨ ਆਦਿ ਉੱਤੇ ਕੋਈ ਨਾ ਕੋਈ ਟੀਕਾ ਟਿੱਪਣੀ ਕਰਦੇ ਰਹਿੰਦੇ ਹਾਂ। ਜਿਸ ਦਾ ਕੋਈ ਅਰਥ ਜਾਂ ਫਾਇਦਾ ਨਹੀਂ ਹੁੰਦਾ। ਕਿਉਂਕਿ ਅਸੀਂ ਕੇਵਲ ਆਪਣਾ ਸਮਾਂ ਅਜਾਈ ਗਵਾਉਂਦੇ ਹਾਂ । ਜੇਕਰ ਗੱਲ ਨਿੰਦਿਆ ਦੀ ਕੀਤੀ ਜਾਵੇ ਤਾਂ ਭਾਰਤੀ ਸਮਾਜ ਵਿੱਚ ਇਹ ਆਦਤ ਬਹੁਤ ਆਮ ਹੈ। ਕਈ ਵਾਰ ਲੋਕ ਇੱਕ ਦੂਸਰੇ ਨੂੰ ਤਰੱਕੀ ਕਰਦਿਆਂ ਅੱਗੇ ਵਧਦਿਆਂ ਵੇਖ ਕੇ ਹੀ ਬਿਨਾ ਕਿਸੇ ਕਾਰਨ ਨਿੰਦਿਆ ਕਰਦੇ ਰਹਿੰਦੇ ਹਨ । ਜਦੋਂ ਅਸੀਂ ਕਿਸੇ ਦੂਸਰੇ ਵਿੱਚ ਕਮੀਆਂ ਲੱਭਣ ਦੀ ਸ਼ੁਰੂਆਤ ਕਰਦੇ ਹਾਂ ਤਾਂ ਕਿਤੇ ਨਾ ਕਿਤੇ ਉਹੀ ਕਮੀ ਸਾਡੇ ਦਿਮਾਗ ਵਿੱਚ ਵੀ ਫਿੱਟ ਹੋ ਜਾਂਦੀ ਹੈ, ਜੋ ਅੱਗੇ ਜਾ ਕੇ ਸਾਡੀ ਆਦਤ ਬਣ ਜਾਂਦੀ ਹੈ। ਜੇਕਰ ਅਸੀਂ ਕਿਸੇ ਦੀਆਂ ਨਿੱਕੀਆਂ ਨਿੱਕੀਆਂ ਗਲਤੀਆਂ ਉੱਪਰ ਧਿਆਨ ਦੇਣਾ ਸ਼ੁਰੂ ਕਰਦੇ ਹਾਂ ਤਾਂ ਇਹ ਸਾਡੀ ਸਖਸੀਅਤ ਵਿੱਚ ਬਹੁਤ ਵੱਡੀ ਮੁਸ਼ਕਿਲ ਖੜੀ ਕਰ ਦਿੰਦੀਆਂ ਹਨ। ਹਰ ਇਨਸਾਨ ਇਕੋ ਜਿਹਾ ਨਹੀਂ ਹੋ ਸਕਦਾ। ਇਹ ਸੰਸਾਰ ਇਸੇ ਲਈ ਖੂਬਸੂਰਤ ਹੈ ਕਿਉਂਕਿ ਇੱਥੇ ਵਖਰੇਵਾਂ ਹੈ, ਕੁਦਰਤ ਦੇ ਅਨੇਕਾਂ ਰੰਗ ਹਨ। ਵੈਸੇ ਤਾਂ ਪਰਮਾਤਮਾ ਨੇ ਸਾਰਿਆਂ ਨੂੰ ਇੱਕੋ ਜਿਹੇ ਬਣਾਇਆ ਹੈ ਪਰ ਜੇਕਰ ਸਾਡੇ ਵਿੱਚ ਕੋਈ ਵਖਰੇਵਾਂ ਨਾ ਹੁੰਦਾ ਤਾਂ ਅਸੀਂ ਅਲੱਗ ਪਹਿਚਾਣ ਦੇ ਮਾਲਿਕ ਨਹੀਂ ਸੀ ਹੋਣਾ। ਸਾਨੂੰ ਵਖਰੇਵਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕਿਸੇ ਉੱਪਰ ਦੋਸ਼ ਲਗਾਉਣੇ ਅਤੇ ਨਿੰਦਿਆ ਕਰਨੀ ਬੰਦ ਕਰੀਏ। ਕਿਸੇ ਵਿੱਚ ਕੋਈ ਵੀ ਬਦਲਾਵ ਦੀ ਤਾਂਘ ਰੱਖਣ ਦੀ ਬਜਾਇ ਸਾਨੂੰ ਆਪਣੇ ਸਖਸ਼ੀਅਤ ਨੂੰ ਨਿਖਾਰਣ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਲੋਕਾਂ ਵਿੱਚ ਕਮੀਆ ਲੱਭਣੀਆਂ ਜਾਂ ਲੋਕਾਂ ਨੂੰ ਨਿੰਦਣਾ ਵਿਹਲੜ ਲੋਕਾਂ ਦਾ ਕੰਮ ਹੈ, ਇਹ ਕਿਸੇ ਚੰਗੀ ਸ਼ਖਸੀਅਤ ਗੁਣ ਨਹੀ ਹਨ। ਸਾਨੂੰ ਵੱਧ ਤੋਂ ਵੱਧ ਸਮਾਂ ਆਪਣੇ ਟੀਚੇ ਨੂੰ ਸਰ ਕਰਨ ਅਤੇ ਆਪਣੀ ਸਖਸ਼ੀਅਤ ਨੂੰ ਨਿਖਾਰਣ ਵੱਲ ਲਗਾਉਣਾ ਚਾਹੀਦਾ ਹੈ, ਇੱਕ ਅਜਿਹੀ ਸ਼ਖਸੀਅਤ ਉਸਾਰਨੀ ਚਾਹੀਦੀ ਹੈ ਜੋ ਲੋਕਾਂ ਲਈ ਮਿਸਾਲ ਹੋਵੇ ਅਤੇ ਸਾਨੂੰ ਸਕੂਨ ਦੇਵੇ।



# ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ



**ਭਾਈ ਗੋਬਿੰਦ ਸਿੰਘ ਲੌਂਗੋਵਾਲ**

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਿੱਖਾਂ ਦਾ ਉਹ ਮੁਕੱਦਸ ਅਸਥਾਨ ਹੈ, ਜਿਥੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ। ਗੁਰੂ ਸਾਹਿਬ ਜੀ ਦੇ ਆਗਮਨ ਸਮੇਂ ਇਹ ਨਗਰ ਰਾਏ ਭੋਇ ਦੀ ਤਲਵੰਡੀ ਕਰਕੇ ਜਾਣਿਆ ਜਾਂਦਾ ਸੀ। ਗੁਰੂ ਸਾਹਿਬ ਦੇ ਮੁਬਾਰਕ ਪ੍ਰਕਾਸ਼ ਤੋਂ ਬਾਅਦ ਇਸ ਦਾ ਨਾਮ ਸ੍ਰੀ ਨਨਕਾਣਾ ਸਾਹਿਬ ਕਰਕੇ ਮਸ਼ਹੂਰ ਹੋਇਆ। ਭਾਰਤ ਪਾਕਿਸਤਾਨ ਵੰਡ ਸਮੇਂ ਬੇਸ਼ੱਕ ਇਹ ਅਸਥਾਨ ਪਾਕਿਸਤਾਨ ਵਿਚ ਚਲਾ ਗਿਆ ਪਰ ਸਮੁੱਚੇ ਵਿਸ਼ਵ ਦੀਆਂ ਸੰਗਤਾਂ ਇਸ ਇਤਿਹਾਸਕ ਅਸਥਾਨ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਨਤਮਸਤਕ ਹੁੰਦੀਆਂ ਹਨ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਿੱਖੀ ਦਾ ਮੂਲ ਇਤਿਹਾਸਿਕ ਅਸਥਾਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ੨੦ ਫ਼ਰਵਰੀ ੧੯੨੧ ਨੂੰ ਵਾਪਰੇ ਸ਼ਹੀਦੀ ਸਾਕੇ ਨੂੰ 'ਸਾਕਾ ਨਨਕਾਣਾ ਸਾਹਿਬ ਕਰਕੇ ਜਾਣਿਆ ਜਾਂਦਾ ਹੈ। ਇਸ ਸਾਕੇ ਸਮੇਂ ਵੱਡੀ ਗਿਣਤੀ ਵਿਚ ਸਿੱਖਾਂ ਦੀਆਂ ਸ਼ਹਾਦਤਾਂ ਹੋਈਆਂ। ਇਸ ਸਾਕੇ ਦੇ ਪਿਛੋਕੜ ਵਿਚ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਤੇ ਕਾਬਜ ਮਹੰਤ ਨਰੈਣੂ ਦੀਆਂ ਮਨ-ਮਾਨੀਆਂ ਅਤੇ ਅਯਾਸ਼ ਕਿਸਮ ਦੀਆਂ ਕਾਰਵਾਈਆਂ ਸਨ। ਗੁਰਦੁਆਰਾ ਸਾਹਿਬ ਨੂੰ ਇਸ ਅਯਾਸ਼ ਮਹੰਤ ਦੇ ਕਬਜ਼ੇ ਵਿਚੋਂ ਮੁਕਤ ਕਰਵਾਉਣ ਲਈ ਬੇਸ਼ੱਕ ਸਿੱਖਾਂ ਨੂੰ ਅਣਗਿਣਤ ਕੁਰਬਾਨੀਆਂ ਦੇਣੀਆਂ ਪਈਆਂ ਪਰੰਤੂ ਇਸ ਸਾਕੇ ਤੋਂ ਬਾਅਦ ਜਿਥੇ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਆਇਆ, ਉਥੇ ਹੀ ਸਮੁੱਚਾ ਪੰਥ ਕੌਮੀ ਸੰਗਠਨ ਨਾਲ ਗੁਰਦੁਆਰਾ ਸਾਹਿਬਾਨ ਦੀ ਆਜ਼ਾਦੀ ਲਈ ਉਠ ਖੜ੍ਹਾ ਹੋਇਆ।

ਗੁਰਦੁਆਰਾ ਸਾਹਿਬਾਨ ਨੂੰ ਅਜਿਹੇ ਬਦਚਲਨ ਮਹੰਤਾਂ ਪਾਸੋਂ ਮੁਕਤ ਕਰਵਾ ਕੇ ਗੁਰਮਤਿ ਅਨੁਸਾਰੀ ਪ੍ਰਬੰਧ ਚਲਾਉਣ ਦੇ ਯਤਨ ਨੂੰ ਸਿੱਖ ਇਤਿਹਾਸ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਸ ਸਮੇਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਅਕਸਰ ਉਦਾਸੀ, ਨਿਰਮਲੇ ਸਾਧੂ, ਸੰਪਰਦਾਵਾਂ ਕਰਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸ਼ਾਸ਼ਨ ਦੌਰਾਨ ਗੁਰਦੁਆਰਾ ਸਾਹਿਬਾਨ ਦੇ ਨਾਮ ਜ਼ਮੀਨਾਂ ਤੇ ਜਗੀਰਾਂ ਆਦਿ ਲਗਵਾਈਆਂ ਅਤੇ ਗੁਰਦੁਆਰਾ ਸਾਹਿਬਾਨ ਦੀਆਂ ਨਵੀਆਂ ਇਮਾਰਤਾਂ ਵੀ ਤਿਆਰ ਕਰਵਾਈਆਂ। ਪੰਜਾਬ ਉਤੇ ਅੰਗਰੇਜ਼ਾਂ ਦੇ ਕਾਬਜ਼ ਹੋਣ ਪਿਛੋਂ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਵਿਗਾੜ ਆਉਣੇ ਸ਼ੁਰੂ ਹੋ ਗਏ। ਅੰਗਰੇਜ਼ਾਂ ਦੁਆਰਾ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਿੱਧੀ ਦਖ਼ਲ-ਅੰਦਾਜ਼ੀ ਹੋਣ ਲੱਗੀ। ਪ੍ਰਬੰਧਕ ਮਨਮਾਨੀਆਂ ਅਤੇ ਗੁਰਮਤਿ ਵਿਰੋਧੀ ਕਾਰਵਾਈਆਂ ਕਰਨ ਲੱਗ ਪਏ। ਇਸ ਨਾਲ ਸਿੱਖਾਂ 'ਚ ਰੋਸ ਤੇ ਰੋਹ ਪੈਦਾ ਹੋ ਗਿਆ ਅਤੇ ਇਸੇ ਰੋਸ ਨੇ 'ਗੁਰਦੁਆਰਾ ਸੁਧਾਰ ਲਹਿਰ' ਨੂੰ ਜਨਮ ਦਿੱਤਾ। ਇਸ ਲਹਿਰ ਦੇ ਦੌਰਾਨ ਸਿੱਖਾਂ ਵਲੋਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ 'ਚ ਸੁਧਾਰ ਹਿਤ ਗੁਰਦੁਆਰਾ ਸਾਹਿਬ 'ਤੇ ਮਹੰਤਾਂ ਦੇ ਕਬਜੇ ਨੂੰ ਹਟਾਉਣ ਲਈ ਸ਼ਾਂਤਮਈ ਰੋਸ ਪ੍ਰਗਟ ਕਰਨ ਲਈ ਇਕੱਠ ਹੋਏ।

ਸ੍ਰੀ ਨਨਕਾਣਾ ਸਾਹਿਬ 'ਤੇ ਕਾਬਜ਼ ਮਹੰਤ ਨਰਾਇਣ ਦਾਸ ਗੁਰਮਤਿ ਵਿਰੋਧੀ ਕਾਰਵਾਈਆਂ ਕਾਰਨ ਬਹੁਤ ਬਦਨਾਮ ਹੋ ਚੁੱਕਾ ਸੀ। ਇਸ ਮਹੰਤ ਨੇ ਗੁਰਮਤਿ ਦੇ ਉਲਟ ਕੰਜਰੀਆਂ ਦਾ ਨਾਚ ਕਰਾਇਆ, ਜਿਸ ਦਾ ਸੰਗਤਾਂ ਨੇ ਬਹੁਤ ਬੁਰਾ ਮਨਾਇਆ। ਅਖ਼ਬਾਰਾਂ ਵਿਚ ਵੀ ਖ਼ਬਰਾਂ ਛਪੀਆਂ ਅਤੇ ਸਿੰਘ ਸਭਾਵਾਂ ਨੇ ਰੋਸ ਮਤੇ ਪਾਸ ਕੀਤੇ ਤੇ ਸਰਕਾਰ ਤੋਂ ਮਹੰਤ ਨੂੰ ਹਟਾਉਣ ਦੀ ਮੰਗ ਕੀਤੀ ਗਈ। ੧੯੧੮ ਈ: ਵਿਚ ਸਿੰਧ ਦਾ ਰਹਿਣਵਾਲਾ ਇਕ ਰਿਟਾਇਰ ਅਫ਼ਸਰ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਆਪਣੇ ਪਰਿਵਾਰ ਨਾਲ ਆਇਆ, ਮਹੰਤ ਨੇ ਉਸ ਦੇ ਪ੍ਰੀਵਾਰ ਨਾਲ ਦੁਰਵਿਵਹਾਰ ਕੀਤਾ। ਪੁਜਾਰੀਆਂ ਦੀਆਂ ਅਜਿਹੀਆਂ ਹਰਕਤਾਂ ਤੋਂ ਲੋਕ ਤੰਗ ਆ ਚੁੱਕੇ ਸਨ ਅਤੇ ਉਨ੍ਹਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਸੀ। ਅਕਤੂਬਰ ੧੯੨੦ ਈ। ਵਿਚ ਜ਼ਿਲ੍ਹਾ ਸ਼ੇਖੂਪੁਰਾ ਦੇ ਪਿੰਡ ਧਾਰੋਵਾਲੀ ਵਿਖੇ ਇਕ ਸਜੇ ਦੀਵਾਨ ਵਿਚ ਸੰਗਤਾਂ ਦੇ ਇਕੱਠ 'ਚ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਦੇ ਸੁਧਾਰ ਲਈ ਮਤਾ ਪਾਸ ਕੀਤਾ, ਜਿਸ ਦੀ ਜਾਣਕਾਰੀ ਮਹੰਤ ਨੂੰ ਵੀ ਪਹੁੰਚ ਗਈ ਸੀ। ਇਸ ਲਈ ਉਸ ਨੇ ਚਾਰ-ਪੰਜ ਸੌ ਭਾੜੇ ਦੇ ਆਦਮੀ ਆਪਣੀ ਰਾਖੀ ਲਈ ਸੱਦ ਲਏ।

੧੯੨੦ ਈ: ਨੂੰ ਕੱਤਕ ਦੀ ਪੂਰਨਮਾਸ਼ੀ ਦੇ ਮੇਲੇ 'ਤੇ ਮਹੰਤ ਨਰਾਇਣ ਦਾਸ ਨੇ ਚਾਰ-ਪੰਜ ਸੌ ਆਦਮੀਆਂ ਦਾ ਮੁਜ਼ਾਹਰਾ ਕੀਤਾ। ਸੰਗਤਾਂ ਵਿਚੋਂ ਜਿਸ ਉਤੇ ਵੀ ਅਕਾਲੀ ਹੋਣ ਦਾ ਸ਼ੱਕ ਪਿਆ, ਉਸਨੂੰ ਅੰਦਰ ਜਾਣ ਤੋਂ ਰੋਕ ਦਿੱਤਾ। ਇਸ ਪਿਛੋਂ ੨੩ ਜਨਵਰੀ ਅਤੇ ੬ ਫਰਵਰੀ ੧੯੨੧ ਈ: ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਇਸ ਸਬੰਧੀ ਵਿਚਾਰਾਂ ਹੋਈਆਂ। ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੁੰਦਰ ਸਿੰਘ ਰਾਮਗੜ੍ਹੀਆ ਤੇ ਮੀਤ ਪ੍ਰਧਾਨ ਹਰਬੰਸ ਸਿੰਘ ਵਲੋਂ ਕਮੇਟੀ ਦੀ ਰਾਏ ਅਨੁਸਾਰ ਮਹੰਤ ਦੇ ਨਾਮ ਉਸਦੇ ਆਚਰਣ ਸਬੰਧੀ ਗੁਰਦੁਆਰੇ ਸਾਹਿਬ ਦੇ ਪ੍ਰਬੰਧ ਸੁਧਾਰ ਲਈ ਖੁਲ੍ਹੀ ਚਿੱਠੀ ਲਿਖੀ ਗਈ। ਇਸ ਦੇ ਨਾਲ ਹੀ ਸ੍ਰੀ ਨਨਕਾਣਾ ਸਾਹਿਬ ਵਿਖੇ ਦੀਵਾਨ ਤੇ ਲੰਗਰ ਦੇ ਪ੍ਰਬੰਧ ਲਈ ਭਾਈ ਲਛਮਣ ਸਿੰਘ, ਸ। ਦਲੀਪ ਸਿੰਘ, ਸ। ਤੇਜਾ ਸਿੰਘ ਸਮੁੰਦਰੀ, ਸ। ਕਰਤਾਰ ਸਿੰਘ ਝੱਬਰ ਅਤੇ ਸ। ਬਖਸ਼ੀਸ਼ ਸਿੰਘ 'ਤੇ ਅਧਾਰਤ ਇਕ ਕਮੇਟੀ ਬਣਾ ਦਿੱਤੀ। ਇਨ੍ਹਾਂ ਤੋਂ ਇਲਾਵਾ ਹੋਰ ਪ੍ਰਮੁੱਖ ਸਿੱਖ ਵੀ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਸਬੰਧੀ ਸੰਗਤਾਂ ਨੂੰ ਜਾਗਰੂਕ ਕਰਦੇ ਰਹੇ। ਦੂਜੇ ਪਾਸੇ ਮਹੰਤ ਨਰਾਇਣ ਦਾਸ ਨੇ ੭ ਫਰਵਰੀ ਨੂੰ ਆਪਣੇ ਹਮਾਇਤੀਆਂ ਦੀ ਇਕੱਤਰਤਾ ਬੁਲਾਈ।


ਸਿੱਖ ਸੰਗਤਾਂ ਨੇ ਮਹੰਤ ਦੀਆਂ ਘਟੀਆਂ ਕਾਰਵਾਈਆਂ ਨੂੰ ਰੋਕਣ ਲਈ ੧੯ ਫਰਵਰੀ ਨੂੰ ਨਨਕਾਣਾ ਸਾਹਿਬ ਪਹੁੰਚਣ ਦਾ ਫੈਸਲਾ ਕੀਤਾ। ਸਿੱਖ ਸੰਗਤਾਂ ਦੇ ਮੁਖੀਆਂ ਨੇ ਅਕਾਲੀ ਅਖ਼ਬਾਰ ਦੇ ਦਫ਼ਤਰ ਵਿਚ ਫੈਸਲਾ ਕੀਤਾ ਕਿ ਕੋਈ ਪੱਕੀ ਤਰੀਕ ਨਿਸ਼ਚਿਤ ਕੀਤੇ ਬਿਨਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਜਾਵੇ। ਪਰ ਭਾਈ ਲਛਮਣ ਸਿੰਘ ਧਾਰੋਵਾਲੀ ਤੇ ਸ। ਕਰਤਾਰ ਸਿੰਘ ਝੱਬਰ ਆਪਣੇ-ਆਪਣੇ ਜਥੇ ਲੈ ਕੇ ਨਨਕਾਣਾ ਸਾਹਿਬ ਪੁੱਜਣਾ ਚਾਹੁੰਦੇ ਸਨ। ਦੋਹਾਂ ਜਥਿਆਂ ਨੂੰ ਰੋਕਣ ਦਾ ਯਤਨ ਕੀਤਾ। ਭਾਈ ਕਰਤਾਰ ਸਿੰਘ ਝੱਬਰ ਦਾ ਜਥਾ ਰੋਕ ਲਿਆ ਗਿਆ। ਪਰ ਭਾਈ ਲਛਮਣ ਸਿੰਘ ਦਾ ਜਥਾ ਨਾ ਰੁਕਿਆ ਅਤੇ ਇਹ ਜਥਾ ੨੦ ਫਰਵਰੀ ਨੂੰ ਨਨਕਾਣਾ ਸਾਹਿਬ ਪਹੁੰਚ ਗਿਆ। ਮਹੰਤ ਨਰਾਇਣ ਦਾਸ ਨੇ ਸਿੰਘਾਂ 'ਤੇ ਹਮਲੇ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਜਦੋਂ ਸਿੰਘਾਂ ਦਾ ਜਥਾ ਗੁਰਦੁਆਰਾ ਸਾਹਿਬ ਵਿਚ ਦਾਖ਼ਲ ਹੋਇਆ ਤਾਂ ਮਹੰਤ ਨੇ ਬਾਹਰਲੇ ਦਰਵਾਜ਼ੇ ਬੰਦ ਕਰਵਾ ਦਿੱਤੇ ਅਤੇ ਉਸ ਦੇ ਭਾੜੇ ਦੇ ਗੁੰਡਿਆਂ ਨੇ ਸਿੰਘਾਂ ਪੁਰ ਵਾਰ ਕਰਨੇ ਸ਼ੁਰੂ ਕਰ ਦਿੱਤੇ, ਛੱਤ ਦੇ ਉਪਰੋਂ ਗੋਲੀਆਂ ਚਲਾਈਆਂ ਗਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਿੰਘ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਕਈ ਗੋਲੀਆਂ ਲੱਗੀਆਂ। ਜ਼ਖਮੀ ਸਿੰਘਾਂ ਨੂੰ ਤੇਲ ਪਾ ਕੇ ਸਾੜਿਆ ਗਿਆ। ਇਸ ਖ਼ੂਨੀ ਸਾਕੇ ਸਬੰਧੀ ਸ। ਉਤਮ ਸਿੰਘ ਕਾਰਖਾਨੇ ਵਾਲਿਆਂ ਨੇ ਪੰਥਕ ਜਥੇਬੰਦੀ ਤੇ ਸਰਕਾਰੀ ਅਫ਼ਸਰਾਂ ਨੂੰ ਤਾਰਾਂ ਭੇਜੀਆਂ। ੨੧ ਫਰਵਰੀ ੧੯੨੧ ਈ: ਨੂੰ ਸਿੱਖ ਮੁਖੀ ਤੇ ਅਣਗਿਣਤ ਸੰਗਤਾਂ ਨਨਕਾਣਾ ਸਾਹਿਬ ਪੁੱਜੀਆਂ। ਉਸੇ ਦਿਨ ਸ਼ਾਮ ਨੂੰ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿਚ ਆ ਗਿਆ। ੨੨ ਫਰਵਰੀ ਦੀ ਸ਼ਾਮ ਨੂੰ ਸ਼ਹੀਦ ਸਿੰਘਾਂ ਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਨੇ ਸਿੱਖ ਜਗਤ 'ਚ ਰੋਹ ਤੇ ਜੋਸ਼ ਪੈਦਾ ਕਰ ਦਿੱਤਾ। ਸਿੱਖ ਸੰਗਤਾਂ ਨੇ ਸਮੂਹ ਗੁਰਦੁਆਰਾ ਸਾਹਿਬਾਨ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਕਮਰਕੱਸੇ ਕਰ ਲਏ। ਇਸ ਲਹਿਰ ਨੇ ਗੁਰਦੁਆਰਾ ਪ੍ਰਬੰਧਾਂ ਵਿਚ ਗੁਰਮਤਿ ਮਰਯਾਦਾ ਦੀ ਇਕਸੁਰਤਾ ਦਾ ਮੁੱਢ ਬੰਨ੍ਹਿਆ। ਇਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਸਿੱਖ ਕੌਮ ਨੇ ਪ੍ਰਚਾਰ ਲਹਿਰ ਵਿੱਢਣ ਲਈ ਇੱਕ ਅਹਿਮ ਫੈਸਲਾ ਲਿਆ, ਜਿਸ ਤਹਿਤ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਹੋਂਦ ਵਿਚ ਆਇਆ। ੧੯੨੭ ਵਿਚ ਸਥਾਪਿਤ ਹੋਈ ਇਸ ਮਿਸ਼ਨਰੀ ਸੰਸਥਾ ਨੇ ਕੌਮ ਨੂੰ ਅਨੇਕਾਂ ਪ੍ਰਚਾਰਕ, ਰਾਗੀ ਤੇ ਤਬਲਾ ਵਾਦਕ ਦਿੱਤੇ। ਅੱਜ ਵੀ ਇਹ ਪ੍ਰਚਾਰਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟਰੀ ਦੇ ਪ੍ਰਬੰਧ ਹੇਠ ਸ੍ਰੀ ਅੰਮ੍ਰਿਤਸਰ ਵਿਖੇ ਚੱਲ ਰਹੀ ਹੈ। ਇਥੇ ਹਰ ਸਾਲ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕੀਤਾ ਜਾਂਦਾ ਹੈ। ਇਸ ਵਾਰ ਵੀ ੨੦ ਤੇ ੨੧ ਫਰਵਰੀ ਨੂੰ ਇਥੇ ਦੋ ਰੋਜ਼ਾ ਸੈਮੀਨਾਰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਕੌਮ ਦੇ ਮਹਾਨ ਵਿਦਵਾਨ ਖੋਜ ਭਰਪੂਰ ਪਰਚੇ ਪੜ੍ਹਨਗੇ।

EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515

Dr. Anjanpal Kaur Bhalla

TSM GALLERY
High quality artwork for your home or business, religious or public places.
We specialize in all kind of wallpaper installation.
Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca
Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .

# ਪੰਜਾਬੀ ਫ਼ਿਲਮਾਂ ਦਾ ਮਕਬੂਲ ਸਿਤਾਰਾ ਧੀਰਜ ਕੁਮਾਰ

ਧੀਰਜ ਕੁਮਾਰ ਦੀ ਪਹਿਲੀ ਪੰਜਾਬੀ ਫ਼ਿਲਮ ਲੁਧਿਆਣਾ ਫ਼ਿਲਮਜ਼, ਲੁਧਿਆਣਾ ਦੀ ਇੰਦਰਜੀਤ ਹਸਨਪੁਰੀ ਦੀ ਫ਼ਿਲਮਸਾਜ਼ੀ ਅਤੇ ਧਰਮ ਕੁਮਾਰ ਦੀ ਹਿਦਾਇਤਕਾਰੀ 'ਚ ਬਣੀ 'ਦਾਜ' (1976) ਸੀ। ਫ਼ਿਲਮ 'ਚ ਉਸਦੇ ਸਨਮੁੱਖ ਹਸਨਪੁਰੀ ਨੇ ਨਵੀਂ ਹੀਰੋਇਨ ਦਲਜੀਤ ਕੌਰ ਨੂੰ ਪੇਸ਼ ਕੀਤਾ। ਐੱਸ. ਮੋਹਿੰਦਰ ਦੇ ਸੰਗੀਤ 'ਚ ਧੀਰਜ ਕੁਮਾਰ 'ਤੇ ਫ਼ਿਲਮਾਏ 'ਸੋਹਣਿਓ ਮੱਖਣੋ ਮਲਾਈ ਦੇ ਡੋਨਿਓ' (ਮੁੰਹਮਦ ਰਫ਼ੀ, ਨਰਿੰਦਰ ਬੀਬਾ) ਤੋਂ ਇਲਾਵਾ ਦਾਜ ਦੀ ਖ਼ਿਲਾਫ਼ਤ ਕਰਦਾ 'ਆਓ ਮਿਲਕੇ ਬਦਲ ਦਈਏ ਨਾ ਕਿਸੇ ਤੋਂ ਲਈਏ ਦਾਜ' (ਮੁੰਹਮਦ ਰਫ਼ੀ) ਗੀਤ ਬੇਹੱਦ ਮਕਬੂਲ ਹੋਏ। ਇਹ ਫ਼ਿਲਮ ਹਿੰਦੀ ਵਿਚ 'ਦਹੇਜ' (1981) ਦੇ ਨਾਮ ਹੇਠ ਡੱਬ ਹੋਈ। ਇਸ ਫ਼ਿਲਮ ਦੀ ਕਾਮਯਾਬੀ ਤੋਂ ਬਾਅਦ ਉਸਨੇ 11 ਹੋਰ ਪੰਜਾਬੀ ਫ਼ਿਲਮਾਂ 'ਚ ਕੰਮ ਕੀਤਾ।

**ਮਨਦੀਪ ਸਿੰਘ ਸਿੱਧੂ**

1970ਵਿਆਂ ਦੇ ਦਹਾਕੇ ਵਿਚ ਪੰਜਾਬੀ ਫ਼ਿਲਮਾਂ ਦੀ ਦੁਨੀਆਂ 'ਚ ਇਕ ਨਵੇਂ ਚਿਹਰੇ ਦੀ ਆਮਦ ਹੋਈ, ਜਿਸਨੇ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦੇ ਦਿਲਾਂ 'ਚ ਆਪਣੀ ਚੰਗੀ ਪਛਾਣ ਕਾਇਮ ਕੀਤੀ। ਇਸ ਹੀਰੋ ਦਾ ਨਾਮ ਸੀ ਧੀਰਜ ਕੁਮਾਰ।

ਪੁਰਸ਼ੋਤਮ ਦਾਸ ਕੋਛੜ ਉਰਫ਼ ਧੀਰਜ ਕੁਮਾਰ ਦੀ ਪੈਦਾਇਸ਼ 27 ਸਤੰਬਰ 1946 ਨੂੰ ਅਨਾਰਕਲੀ ਬਾਜ਼ਾਰ, ਲਾਹੌਰ ਦੇ ਪੰਜਾਬੀ ਖੱਤਰੀ ਪਰਿਵਾਰ ਵਿਚ ਹੋਈ। ਤਜ਼ਾਰਤੀ ਪਰਿਵਾਰ ਦੇ ਫ਼ਰਜ਼ੰਦ ਧੀਰਜ ਕੁਮਾਰ ਦੇ ਪਿਤਾ ਦਾ ਨਾਮ ਭਗਵਾਨ ਦਾਸ ਕੋਛੜ ਅਤੇ ਮਾਤਾ ਦਾ ਨਾਮ ਲੀਲਾਵਤੀ ਸੀ। ਧੀਰਜ ਹਾਲੇ ਇਕ ਸਾਲ ਦਾ ਹੀ ਸੀ ਜਦੋਂ ਦੇਸ਼ ਦੀ ਵੰਡ ਹੋ ਗਈ ਤੇ ਇਨ੍ਹਾਂ ਦਾ ਪਰਿਵਾਰ ਲਾਹੌਰ ਨੂੰ ਛੱਡ ਕੇ ਦਿੱਲੀ ਦੇ ਇਲਾਕੇ ਆਨੰਦ ਪਰਬਤ ਆਣ ਵੱਸਿਆ। ਧੀਰਜ ਕੁਮਾਰ ਨੇ ਸ਼ੁਰੂਆਤੀ ਤਾਲੀਮ ਦਿੱਲੀ ਦੇ ਰਾਮਜਸ ਹਾਇਰ ਸੈਕੰਡਰੀ ਸਕੂਲ ਨੰ. 2 ਤੋਂ ਹਾਸਲ ਕੀਤੀ। ਫਿਰ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਉਸਨੇ ਪੂਨਾ ਸਥਿਤ ਫ਼ਿਲਮ ਐਂਡ ਟੈਲੀਵਿਜ਼ਨ ਇਸਟੀਚਿਊਟ ਆਫ ਇੰਡੀਆ ਤੋਂ ਅਦਾਕਾਰੀ ਦਾ ਡਿਪਲੋਮਾ ਕੀਤਾ। ਇਸਤੋਂ ਬਾਅਦ ਕਿਸਮਤ ਅਜ਼ਮਾਈ ਲਈ ਬੰਬਈ ਆ ਗਿਆ। ਇੱਥੇ ਪਹੁੰਚ ਕੇ ਉਸਨੇ ਫ਼ਿਲਮੀ ਕੰਪੀਟੀਸ਼ਨ 'ਫ਼ਿਲਮਫੇਅਰ ਯੂਨਾਈਟਿਡ ਪ੍ਰੋਡਿਊਸਰ ਟੈਲੇਂਟ ਕਾਂਟੈਸਟ' ਵਿਚ ਭਾਗ ਲਿਆ ਤੇ ਹੀਰੋ ਚੁਣਿਆ ਗਿਆ।

ਉਸਦੀ ਪਹਿਲੀ ਹਿੰਦੀ ਫ਼ਿਲਮ ਰੰਗਲੋਕ ਪ੍ਰੋਡਕਸ਼ਨਜ਼, ਬੰਬਈ ਦੀ 'ਰਾਤੋਂ ਕਾ ਰਾਜਾ' (1970) ਸੀ ਜਿਸ ਵਿਚ ਹਿਦਾਇਤਕਾਰ ਰਾਜੇਸ਼ ਨਾਹਟਾ ਨੇ ਉਸਨੂੰ ਨਵੇਂ ਹੀਰੋ ਵਜੋਂ ਪੇਸ਼ ਕੀਤਾ। ਰਾਹੁਲ ਦੇਵ ਬਰਮਨ ਦੇ ਸੰਗੀਤ 'ਚ ਧੀਰਜ ਕੁਮਾਰ 'ਤੇ ਫ਼ਿਲਮਾਇਆ ਗੀਤ 'ਮੇਰੇ ਲੀਏ ਆਤੀ ਹੈ ਸ਼ਾਮ ਰਾਤੋਂ ਕਾ ਰਾਜਾ ਹੂੰ ਮੈਂ' (ਮੁਹੰਮਦ ਰਫ਼ੀ) ਬਹੁਤ ਚੱਲਿਆ।

ਧੀਰਜ ਕੁਮਾਰ ਦੀ ਪਹਿਲੀ ਪੰਜਾਬੀ ਫ਼ਿਲਮ ਲੁਧਿਆਣਾ ਫ਼ਿਲਮਜ਼, ਲੁਧਿਆਣਾ ਦੀ ਇੰਦਰਜੀਤ ਹਸਨਪੁਰੀ ਦੀ ਫ਼ਿਲਮਸਾਜ਼ੀ ਅਤੇ ਧਰਮ ਕੁਮਾਰ ਦੀ ਹਿਦਾਇਤਕਾਰੀ 'ਚ ਬਣੀ 'ਦਾਜ' (1976) ਸੀ। ਫ਼ਿਲਮ 'ਚ ਉਸਦੇ ਸਨਮੁੱਖ ਹਸਨਪੁਰੀ ਨੇ ਨਵੀਂ ਹੀਰੋਇਨ ਦਲਜੀਤ ਕੌਰ ਨੂੰ ਪੇਸ਼ ਕੀਤਾ। ਐੱਸ. ਮੋਹਿੰਦਰ ਦੇ ਸੰਗੀਤ 'ਚ ਧੀਰਜ ਕੁਮਾਰ 'ਤੇ ਫ਼ਿਲਮਾਏ 'ਸੋਹਣਿਓ ਮੱਖਣੋ ਮਲਾਈ ਦੇ ਡੋਨਿਓ' (ਮੁਹੰਮਦ ਰਫ਼ੀ, ਨਰਿੰਦਰ ਬੀਬਾ) ਤੋਂ ਇਲਾਵਾ ਦਾਜ ਦੀ ਖ਼ਿਲਾਫ਼ਤ ਕਰਦਾ 'ਆਓ ਮਿਲਕੇ ਬਦਲ ਦਈਏ ਨਾ ਕਿਸੇ ਤੋਂ ਲਈਏ ਦਾਜ' (ਮੁੰਹਮਦ ਰਫ਼ੀ) ਗੀਤ ਬੇਹੱਦ ਮਕਬੂਲ ਹੋਏ। ਇਹ ਫ਼ਿਲਮ ਹਿੰਦੀ ਵਿਚ 'ਦਹੇਜ' (1981) ਦੇ ਨਾਮ ਹੇਠ ਡੱਬ ਹੋਈ। ਇਸ ਫ਼ਿਲਮ ਦੀ ਕਾਮਯਾਬੀ ਤੋਂ ਬਾਅਦ ਉਸਨੇ 11 ਹੋਰ ਪੰਜਾਬੀ ਫ਼ਿਲਮਾਂ 'ਚ ਕੰਮ ਕੀਤਾ।

ਉਸਦੀ ਦੂਜੀ ਪੰਜਾਬੀ ਫ਼ਿਲਮ ਬੇਦੀ ਐਂਡ ਬਖ਼ਸ਼ੀ ਪ੍ਰੋਡਕਸ਼ਨ ਦੀ ਧਰਮ ਕੁਮਾਰ ਨਿਰਦੇਸ਼ਿਤ 'ਪਾਪੀ ਤਰੇ ਅਨੇਕ' (1976) ਸੀ। ਇਸ ਵਿਚ ਹੀਰੋਇਨ ਦਾ ਕਿਰਦਾਰ ਮੀਨਾ ਰਾਏ ਨੇ ਨਿਭਾਇਆ। ਐੱਸ. ਮੋਹਿੰਦਰ ਦੇ ਸੰਗੀਤ 'ਚ ਧੀਰਜ ਕੁਮਾਰ 'ਤੇ ਫ਼ਿਲਮਾਇਆ ਗੀਤ 'ਰੁੱਸ ਕੇ ਤੂੰ ਚਲੀ ਗਈਓਂ ਕਾਹਨੂੰ ਐਨੀ ਦੂਰ ਨਹੀਂ' (ਮੁਹੰਮਦ ਰਫ਼ੀ) ਬੜਾ ਹਿੱਟ ਹੋਇਆ। ਇਹ ਫ਼ਿਲਮ ਕਿਸੇ ਕਾਰਨ ਰਿਲੀਜ਼ ਨਾ ਹੋ ਸਕੀ। ਜਸਵੰਤ ਫ਼ਿਲਮਜ਼, ਬੰਬੇ ਦੀ ਸੁਭਾਸ਼ ਭਾਖੜੀ ਨਿਰਦੇਸ਼ਿਤ ਫ਼ਿਲਮ 'ਸ਼ੇਰ ਪੁੱਤਰ' (1977) 'ਚ ਧੀਰਜ ਨੇ ਸੀ. ਆਈ. ਡੀ. ਇੰਸਪੈਕਟਰ 'ਸ਼ੇਰਾ' ਦਾ ਕਿਰਦਾਰ ਅਦਾ ਕੀਤਾ, ਜਿਸਦੇ ਸਨਮੁੱਖ ਅਦਾਕਾਰਾ ਪਦਮਾ ਖੰਨਾ 'ਰਾਧਾ' ਦਾ ਪਾਰਟ ਨਿਭਾ ਰਹੀ ਸੀ। ਹੰਸ ਰਾਜ ਬਹਿਲ ਦੇ ਸੰਗੀਤ 'ਚ ਪਦਮਾ ਖੰਨਾ ਤੇ ਧੀਰਜ ਕੁਮਾਰ 'ਤੇ ਫ਼ਿਲਮਾਇਆ ਰੂਮਾਨੀ ਗੀਤ 'ਵੇ ਤੇਰੇ ਕੋਲ ਆਣ ਕੇ ਜੀ ਨਈਓਂ ਕਰਦਾ ਜਾਣ ਤੋਂ' (ਮੀਨੂੰ ਪੁਰਸ਼ੋਤਮ) ਬੜਾ ਮਕਬੂਲ ਹੋਇਆ।

ਵੋਹਰਾ ਪ੍ਰੋਡਕਸ਼ਨਜ਼, ਨਵੀਂ ਦਿੱਲੀ ਦੀ ਸ਼ਾਂਤੀ ਐੱਸ. ਕਾਲੜਾ ਨਿਰਦੇਸ਼ਿਤ ਫ਼ਿਲਮ 'ਦਰਾਣੀ ਜੇਠਾਣੀ' (1978) 'ਚ ਉਸਨੇ 'ਰਾਕੇਸ਼' ਨਾਮੀਂ ਕਿਰਦਾਰ ਅਦਾ ਕੀਤਾ। ਮੌਸੀਕਾਰ ਰਵੀ ਦੇ ਸੰਗੀਤ 'ਚ ਧੀਰਜ ਕੁਮਾਰ ਅਤੇ ਰਾਧਾ ਸਲੂਜਾ ਦੇ ਵਿਆਹ 'ਚ ਫ਼ਿਲਮਾਇਆ ਵਿਦਾਈ ਗੀਤ 'ਐ ਮਾਲਕ ਇਸ ਸੰਸਾਰ ਦੇ ਏਹ ਤੂੰ ਖੇਡ ਬਣਾਈ ਕੀ' (ਮੁਹੰਮਦ ਰਫ਼ੀ) ਅੱਜ ਵੀ ਸੁਣਨ ਵਾਲਿਆਂ ਦੀਆਂ ਅੱਖਾਂ ਨਮ ਕਰ ਦਿੰਦਾ ਹੈ। ਪਾਰਤੀ ਪ੍ਰੋਡਕਸ਼ਨ, ਬੰਬੇ ਦੀ ਸੁਭਾਸ਼ ਸੀ. ਭਾਖੜੀ ਨਿਰਦੇਸ਼ਿਤ ਫ਼ਿਲਮ 'ਜੁਗਨੀ' (1979) 'ਚ ਉਸਨੇ 'ਡਾਕੂ ਕੁੰਦਨ' ਤੇ 'ਸੂਰਜ' ਨਾਮੀਂ ਡਬਲ ਕਿਰਦਾਰ ਨਿਭਾਇਆ ਤੇ ਅਦਾਕਾਰਾ ਦਾ ਪਾਰਟ ਮਧੂਸ਼ਾਲਾ (ਅਸਲੀ ਨਾਮ ਲੀਨਿਟ ਵੀਲੀਅਮ) ਨਿਭਾ ਰਹੀ ਸੀ। ਹੰਸ ਰਾਜ ਬਹਿਲ ਦੀ ਮੁਰੱਤਿਬ ਮੌਸੀਕੀ 'ਚ ਧੀਰਜ ਕੁਮਾਰ ਤੇ ਮਧੂਸ਼ਾਲਾ 'ਤੇ ਫ਼ਿਲਮਾਇਆ ਗੀਤ 'ਹੁਸਨ ਇਸ਼ਕ ਹੁਸਨ ਦੀ ਲਾ ਕੰਡ ਇਸ਼ਕ ਪਿਆ ਬੜ੍ਹਕਾਂ ਮਾਰੇ' (ਮੁਹੰਮਦ ਰਫ਼ੀ, ਸਵਿਤਾ ਸੁਮਨ) ਖ਼ੂਬ ਚੱਲਿਆ। ਨਾਨਕ ਮੂਵੀਜ਼, ਅੰਮ੍ਰਿਤਸਰ ਦੀ ਸੁਭਾਸ਼ ਚੰਦਰ ਭਾਖੜੀ ਨਿਰਦੇਸ਼ਿਤ ਫ਼ਿਲਮ 'ਰਾਂਝਾ

(ਬਾਕੀ ਸਫ਼ਾ 26 'ਤੇ)



# ਸਮਾਜ ਦੇ ਸਭ ਤੋਂ ਅਣਗੌਲੇ ਵਰਗ ਵਿਚ ਹਨ ਮਜ਼ਦੂਰ

**ਕੇਹਰ ਸਿੰਘ ਹਿੱਸੋਵਾਲ**

ਸੰਨ 2012 ਦੇ ਸਰਵੇਖਣ ਮੁਤਾਬਿਕ ਦੇਸ਼ ਵਿਚ 48 ਕਰੋੜ 70 ਲੱਖ ਮਜ਼ਦੂਰ ਸਨ। ਦੇਸ਼ ਦੇ 94 ਫ਼ੀਸਦੀ ਮਜ਼ਦੂਰ ਅਸੰਗਠਿਤ ਖੇਤਰ ਵਿਚ ਕੰਮ ਕਰਦੇ ਹਨ ਜਿਨ੍ਹਾਂ ਵਿਚ ਛੋਟੇ ਅਤੇ ਸੀਮਤ ਕਿਸਾਨ, ਬੇਜ਼ਮੀਨੇ ਖੇਤ ਮਜ਼ਦੂਰ, ਉਸਾਰੀ ਕਾਮੇ, ਪਸ਼ੂ ਪਾਲਣ ਨਾਲ ਸਬੰਧਿਤ ਕਾਮੇ, ਬੁਣਕਰ, ਛੋਟੇ ਅਤੇ ਸੀਮਤ ਸ਼ਿਲਪਕਾਰ, ਭੱਠਾ ਮਜ਼ਦੂਰ, ਖਾਣ ਮਜ਼ਦੂਰ, ਰੇਹੜੀ ਫੜ੍ਹੀ ਵਾਲੇ ਅਤੇ ਅਜਿਹੇ ਹੀ ਹੋਰ ਕਿੱਤਿਆਂ ਨਾਲ ਸਬੰਧਿਤ ਮਜ਼ਦੂਰ ਅਤੇ ਕਾਮੇ ਆ ਜਾਂਦੇ ਹਨ। ਜੇਕਰ ਇਨ੍ਹਾਂ ਨੂੰ ਦਿਹਾੜੀਦਾਰ ਕਹਿ ਲਿਆ ਜਾਵੇ ਤਾਂ ਕੁਝ ਵੀ ਗਲਤ ਨਹੀਂ ਹੋਵੇਗਾ। ਉਹ ਜਦੋਂ ਨਹੀਂ ਕੰਮ ਕਰਨਗੇ ਤਾਂ ਉਨ੍ਹਾਂ ਨੂੰ ਕੁਝ ਨਹੀਂ ਮਿਲੇਗਾ। ਉਹ ਅਨਿਯਮਤ ਖੇਤਰ ਨਾਲ ਸਬੰਧਿਤ ਹੋਣ ਕਰਕੇ ਉਨ੍ਹਾਂ ਦਾ ਮਿਹਨਤਾਨਾ ਵੀ ਘੱਟ ਹੁੰਦਾ ਹੈ। ਇਸ ਕਰਕੇ ਉਹ ਬਾਕੀਆਂ ਦੇ ਮੁਕਾਬਲੇ ਗ਼ਰੀਬ ਹੁੰਦੇ ਹਨ। ਦੇਸ਼ ਵਿਚ ਤਿੰਨ ਕਰੋੜ ਤਾਂ ਪ੍ਰਵਾਸੀ ਮਜ਼ਦੂਰ ਹਨ, ਜਿਨ੍ਹਾਂ ਦਾ ਕੋਈ ਸਥਾਈ ਕੰਮ ਨਹੀਂ ਹੈ। ਸੰਨ 2010 ਦੀ ਇਕ ਰਿਪੋਰਟ ਮੁਤਾਬਿਕ ਦੇਸ਼ ਵਿਚ 5 ਤੋਂ 14 ਸਾਲ ਦੇ ਮਜ਼ਦੂਰਾਂ ਦੀ ਗਿਣਤੀ 1 ਕਰੋੜ 26 ਲੱਖ ਸੀ ਜਿਹੜੇ ਆਪਣੇ ਪਰਿਵਾਰਾਂ ਦੀ ਆਮਦਨ ਵਿਚ ਵਾਧਾ ਕਰਨ ਲਈ ਘਰਾਂ ਦੇ ਨੌਕਰ ਤੋਂ ਲੈ ਕੇ ਅਜਿਹੇ ਬਹੁਤ ਸਾਰੇ ਕੰਮ ਕਰਦੇ ਹਨ। ਭਾਵੇਂ ਕਾਨੂੰਨ ਮੁਤਾਬਿਕ ਐਨੀ ਘੱਟ ਉਮਰ ਦੇ ਬੱਚਿਆਂ ਤੋਂ ਕੰਮ ਲੈਣਾ ਵਰਜਿਤ ਹੈ ਪਰ ਕੰਮ ਕਰਨਾ ਉਨ੍ਹਾਂ ਦੀ ਮਜਬੂਰੀ ਹੈ।

ਦੇਸ਼ ਵਿਚ ਹਰ ਸਾਲ 1 ਕਰੋੜ 30 ਲੱਖ ਨਵੇਂ ਮਜ਼ਦੂਰ ਪੈਦਾ ਹੋ ਜਾਂਦੇ ਹਨ ਜਦੋਂ ਕਿ ਦੇਸ਼ ਵਿਚ ਤਕਰੀਬਨ 80 ਲੱਖ ਨਵੀਆਂ ਨੌਕਰੀਆਂ ਦਾ ਪ੍ਰਬੰਧ ਹੁੰਦਾ ਹੈ ਜਿਹੜੀਆਂ ਜ਼ਿਆਦਾਤਰ ਘੱਟ ਤਨਖ਼ਾਹ ਵਾਲੀਆਂ ਅਤੇ ਅਨਿਯਮਤ ਖੇਤਰ ਨਾਲ ਸਬੰਧਿਤ ਹੁੰਦੀਆਂ ਹਨ। ਬਾਕੀ 50 ਲੱਖ ਅਜਿਹੇ ਕਿੱਤਿਆਂ ਵਿਚ ਫਿੱਟ ਹੁੰਦੇ ਹਨ ਜਿਹੜੇ ਕੁਝ ਸਮੇਂ ਲਈ ਅਤੇ ਕਾਫ਼ੀ ਘੱਟ ਤਨਖ਼ਾਹ ਵਾਲੇ ਹੁੰਦੇ ਹਨ। ਸਾਡੇ ਦੇਸ਼ ਵਿਚ ਮਜ਼ਦੂਰ ਸ਼ਕਤੀ ਬਹੁਤ ਵੱਡੀ ਤਾਦਾਦ ਵਿਚ ਹੈ। ਚੀਨ ਤੋਂ ਬਾਅਦ ਸਾਡਾ ਹੀ ਨੰਬਰ ਆਉਂਦਾ ਹੈ। ਪਰ ਅੱਜ ਤੱਕ ਅਸੀਂ ਆਪਣੀ ਮਜ਼ਦੂਰ ਸ਼ਕਤੀ ਦੀ ਪੂਰਨ ਵਰਤੋਂ ਕਰਨ ਵਿਚ ਅਸਫਲ ਰਹੇ ਹਾਂ। ਮਜ਼ਦੂਰਾਂ ਦੀ ਮੰਗ ਉਨ੍ਹਾਂ ਦੀ ਤਾਦਾਦ ਦੇ ਮੁਕਾਬਲੇ ਘੱਟ ਹੋਣ ਕਰਕੇ ਮਜ਼ਦੂਰਾਂ ਨੂੰ ਪੂਰਾ ਕੰਮ ਨਹੀਂ ਮਿਲਦਾ। ਨਵੀਆਂ ਤਕਨੀਕਾਂ ਅਤੇ ਮਸ਼ੀਨੀਕਰਨ ਨੇ ਵੀ ਮਜ਼ਦੂਰਾਂ ਦੀ ਬੇਕਦਰੀ ਵਿਚ ਵਾਧਾ ਕੀਤਾ ਹੈ। ਸਾਡੇ ਦੇਸ਼ ਦੇ ਮਜ਼ਦੂਰ ਬਾਕੀ ਦੇਸ਼ਾਂ ਦੇ ਮੁਕਾਬਲੇ ਘੱਟ ਪੜ੍ਹੇ-ਲਿਖੇ ਹਨ ਉਹ ਘੱਟ ਪੜ੍ਹੇ-ਲਿਖੇ ਜਾਂ ਅਨਪੜ੍ਹ ਹੋਣ ਕਰਕੇ ਜ਼ਿਆਦਾਤਰ ਜਿਸਮਾਨੀ ਕੰਮ ਹੀ ਜਾਣਦੇ ਹਨ। ਤਕਨੀਕੀ ਕੰਮਾਂ ਵਿਚ ਮੁਹਾਰਤ ਉਨ੍ਹਾਂ ਨੂੰ ਨਹੀਂ ਹੈ। ਇਸ ਕਰਕੇ ਉਹ ਜ਼ਿੰਦਗੀ ਦੀ ਦੌੜ ਵਿਚ ਬਾਕੀਆਂ ਦੇ ਮੁਕਾਬਲੇ ਪਛੜ ਗਏ ਹਨ। ਭਾਵੇਂ ਨਵੀਆਂ ਤਕਨੀਕਾਂ ਦਾ ਕਾਰੋਬਾਰੀਆਂ ਨੂੰ ਲਾਭ ਹੋਇਆ ਹੈ ਪਰ ਮਜ਼ਦੂਰਾਂ ਨੂੰ ਨਵੀਆਂ ਤਕਨੀਕਾਂ ਨੇ ਲੀਹੋਂ ਲਾਹ ਦਿੱਤਾ ਹੈ। ਨਵੀਂ ਤਕਨੀਕ ਆਉਣ ਨਾਲ ਤਾਂ ਮਜ਼ਦੂਰਾਂ ਦੀ ਮੰਗ ਘਟਣ ਕਰਕੇ ਉਨ੍ਹਾਂ ਦੀ ਬੇਕਦਰੀ ਹੋਰ ਵੀ ਵਧ ਗਈ ਹੈ। ਮਜ਼ਦੂਰਾਂ ਦੀ ਮੰਗ ਘਟਣ ਕਰਕੇ ਮਜ਼ਦੂਰ ਮੰਡੀਆਂ ਵਿਚ ਦਬਾਅ ਹੋਰ ਵੀ ਵਧ ਗਿਆ ਹੈ। ਮਜ਼ਦੂਰ ਮੰਡੀਆਂ ਵੇਖ ਕੇ ਤਾਂ ਲਗਦਾ ਹੈ ਕਿ ਮਜ਼ਦੂਰਾਂ ਪਾਸ ਕੰਮ ਹੈ ਹੀ ਨਹੀਂ।

ਭਾਵੇਂ ਦੇਸ਼ ਦਾ ਉਦਯੋਗਿਕ ਵਿਕਾਸ ਹੋਇਆ ਹੈ ਪਰ ਉਸ ਨੇ ਮਜ਼ਦੂਰਾਂ ਨੂੰ ਸਾਹ ਨਹੀਂ ਦਿਵਾਇਆ। ਖੇਤੀ ਖੇਤਰ ਵਿਚ ਤਾਂ ਪਹਿਲਾਂ ਹੀ ਕਿਰਤੀ ਦੀ ਮੰਗ ਨਹੀਂ ਰਹਿ ਗਈ। ਵੈਸੇ ਵੀ ਮਸ਼ੀਨਰੀ ਦੇ ਆਉਣ ਨਾਲ ਖੇਤੀ ਖੇਤਰ ਵਿਚ ਕੰਮ ਮੌਸਮੀ ਅਤੇ ਕੁਝ ਦਿਨ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਅਹਿਸਤਾ-ਅਹਿਸਤਾ ਖੇਤੀ ਇਕ ਵਪਾਰਕ ਧੰਦਾ ਬਣਦਾ ਜਾ ਰਿਹਾ ਹੈ। ਇਸ ਕਰਕੇ ਬਾਕੀਆਂ ਦੇ ਮੁਕਾਬਲੇ ਸਾਡੇ ਮਜ਼ਦੂਰ ਵੱਧ ਬੇਚੈਨ ਹਨ। ਕੰਮ ਦੀ ਭਾਲ ਵਿਚ ਉਹ ਦੂਰ-ਦੂਰ ਤੱਕ ਜਾਂਦੇ ਹਨ। ਬੇਰੁਜ਼ਗਾਰੀ ਕਾਰਨ ਬੇਚੈਨੀ ਹੋਣੀ ਸੁਭਾਵਿਕ ਹੈ। ਬਾਕੀ ਦੇਸ਼ਾਂ ਦੇ ਮੁਕਾਬਲੇ ਸਾਡੇ ਮਜ਼ਦੂਰ ਸਰੀਰਕ ਤੌਰ @ਤੇ ਵੀ ਤੰਦਰੁਸਤ ਨਹੀਂ ਹਨ। ਉਹ ਬਹੁਤ ਸਾਰੀਆਂ ਬਿਮਾਰੀਆਂ ਨਾਲ ਵੀ ਘਿਰੇ ਹੋਏ ਹਨ। ਗ਼ਰੀਬ ਹੋਣ ਕਰਕੇ ਉਹ ਮੌਕੇ @ਤੇ ਇਲਾਜ ਵੀ ਨਹੀਂ ਕਰਾ ਸਕਦੇ ਜੋ ਉਨ੍ਹਾਂ ਲਈ ਅੰਤ ਵਿਚ ਮਹਿੰਗਾ ਪੈ ਜਾਂਦਾ ਹੈ, ਜਿਸ ਦਾ ਅਸਰ ਉਨ੍ਹਾਂ ਦੀ ਕਾਰਜ-ਕੁਸ਼ਲਤਾ @ਤੇ ਵੀ ਪੈਂਦਾ ਹੈ। ਦੁੱਖ ਦੀ ਗੱਲ ਹੈ ਕਿ ਉਹ ਬਿਮਾਰ ਹੋਣ ਦੇ ਬਾਵਜੂਦ ਕੰਮ ਕਰਦੇ ਹਨ। ਸਾਡੇ ਮਜ਼ਦੂਰ ਤਕਰੀਬਨ ਗ਼ਰੀਬੀ ਦੀ ਰੇਖਾ ਵਿਚ ਹੀ ਰਹਿੰਦੇ ਹਨ ਜਿਸ ਕਰਕੇ ਉਨ੍ਹਾਂ ਦਾ ਰਹਿਣ-ਸਹਿਣ ਦਾ ਪੱਧਰ ਵੀ ਨੀਵਾਂ ਹੈ। ਬਿਨਾਂ ਸ਼ੱਕ ਦੇਸ਼ ਵਿਚ ਸਾਡੀ ਆਬਾਦੀ ਮੁਤਾਬਿਕ ਕੰਮ ਦਾ ਪ੍ਰਬੰਧ ਨਹੀਂ ਹੈ। ਵੱਡੇ ਪੱਧਰ @ਤੇ ਸਾਡੇ ਪਾਸ ਅਨਿਯਮਤ, ਮੌਸਮੀ ਅਤੇ ਕੁਝ ਸਮੇਂ ਦਾ ਟੁੱਟਵਾਂ ਕੰਮ ਹੈ ਜਿਸ ਨਾਲ ਸਾਡੇ ਮਜ਼ਦੂਰਾਂ ਪਾਸ ਰੋਜ਼ਾਨਾ ਦੀ ਗੁਜ਼ਰ ਵਸਰ ਲਈ ਵੀ ਢੁੱਕਵੀਂ ਰਾਸ਼ੀ ਨਹੀਂ ਹੁੰਦੀ ਜਿਸ ਦਾ ਅਸਰ ਸਮੁੱਚੇ ਪਰਿਵਾਰ @ਤੇ ਪੈਂਦਾ ਹੈ। ਘਰ ਦੇ ਮੁਖੀ ਕਮਾਊ ਜੀਅ ਦੀ ਢੁਕਵੀਂ ਆਮਦਨ ਰਾਸ਼ੀ ਨਾ ਹੋਣ ਕਰਕੇ ਉਨ੍ਹਾਂ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਵੀ ਕਈ



ਤਰ੍ਹਾਂ ਦੇ ਕੰਮ ਕਰਨੇ ਪੈਂਦੇ ਹਨ ਤਾਂ ਕਿਤੇ ਜਾ ਕੇ ਪਰਿਵਾਰ ਦੀ ਆਈ ਚਲਾਈ ਚਲਦੀ ਹੈ। ਘਰ ਵਿਚ ਪੈਸੇ ਦੀ ਕਮੀ ਕਰਕੇ ਮਜ਼ਦੂਰਾਂ ਦੇ ਬੱਚੇ ਅੱਗੇ ਪੜ੍ਹਨ ਤੋਂ ਵਾਂਝੇ ਰਹਿ ਜਾਂਦੇ ਹਨ। ਉਹ ਚਾਹੁੰਦੇ ਹੋਏ ਵੀ ਜ਼ਿੰਦਗੀ ਵਿਚ ਕੁਝ ਬਣ ਨਹੀਂ ਸਕਦੇ। ਇਸ ਤਰ੍ਹਾਂ ਸਾਡੇ ਮਜ਼ਦੂਰ ਸਾਰੀ ਜ਼ਿੰਦਗੀ, ਜ਼ਿੰਦਗੀ ਦੀ ਗੱਡੀ ਰੇੜ੍ਹਨ ਵਿਚ ਹੀ ਫਸ ਕੇ ਰਹਿ ਜਾਂਦੇ ਹਨ।

ਸਾਡੇ ਦੇਸ਼ ਦੀਆਂ ਸਰਕਾਰਾਂ ਨੇ ਮਜ਼ਦੂਰ ਵਰਗ ਦੀ ਭਲਾਈ ਅਤੇ ਕਲਿਆਣ ਵਾਸਤੇ ਕੋਈ ਢੁੱਕਵੇਂ ਅਤੇ ਠੋਸ ਪ੍ਰਬੰਧ ਅੱਜ ਤੱਕ



ਵੀ ਨਹੀਂ ਕੀਤੇ। ਕਿਰਤ ਸੁਧਾਰਾਂ ਦੀਆਂ ਗੱਲਾਂ ਬਹੁਤ ਕੀਤੀਆਂ ਜਾਂਦੀਆਂ ਹਨ ਪਰ ਅਸਲੀਅਤ ਵਿਚ ਕੁਝ ਵੀ ਨਹੀਂ ਕੀਤਾ ਜਾਂਦਾ। ਘੱਟ ਤੋਂ ਘੱਟ ਤਨਖਾਹ ਦਾ ਕਾਨੂੰਨ ਬਹੁਤ ਪੁਰਾਣਾ ਹੈ। ਬੋਨਸ ਦਾ ਕਾਨੂੰਨ ਬਣ ਚੁੱਕਾ ਹੈ। ਮਜ਼ਦੂਰਾਂ ਲਈ ਮੁਆਵਜ਼ੇ ਦਾ ਕਾਨੂੰਨ ਦੀ ਬਣ ਚੁੱਕਾ ਹੈ। ਟਰੇਡ ਯੂਨੀਅਨ ਕਾਨੂੰਨ ਬਣ ਚੁੱਕਾ ਹੈ। ਮਾਲਕਾਂ ਨਾਲ ਝਗੜੇ ਸਬੰਧੀ ਨਿਪਟਾਰੇ ਨਾਲ ਸਬੰਧਿਤ ਕਾਨੂੰਨ ਮੌਜੂਦ ਹੈ। ਅਜਿਹੇ ਹੋਰ ਵੀ ਕਿਰਤੀਆਂ ਨਾਲ ਸਬੰਧਿਤ ਕਾਨੂੰਨ ਬਣ ਚੁੱਕੇ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਪੱਧਰ @ਤੇ ਕਿਰਤ ਨਾਲ ਸਬੰਧਿਤ ਵਿਭਾਗ ਅਤੇ ਮੰਤਰਾਲਾ ਹੈ। ਕਿਰਤ ਵਿਭਾਗ ਤਾਂ 1913 ਵਿਚ ਆਜ਼ਾਦੀ ਤੋਂ ਵੀ ਪਹਿਲਾਂ ਬਣਾ ਦਿੱਤਾ ਗਿਆ ਸੀ ਪਰ ਮਜ਼ਦੂਰਾਂ ਦੀ ਹਾਲਤ ਵਿਚ ਕੋਈ ਸੁਧਾਰ ਨਹੀਂ ਹੋਇਆ। ਭਾਵੇਂ ਅਮਰੀਕਾ, ਇੰਗਲੈਂਡ, ਜਰਮਨੀ, ਰੂਸ, ਚੀਨ ਅਤੇ ਹੋਰ ਦੇਸ਼ਾਂ ਵਿਚ ਮਜ਼ਦੂਰਾਂ ਨੇ ਵੱਡੇ-ਵੱਡੇ ਵਿਦਰੋਹ ਕਰਕੇ ਉਥੇ ਉਥਲ-ਪੁਥਲ ਵੀ ਕੀਤੀ ਪਰ ਸਾਡੇ ਦੇਸ਼ ਵਿਚ ਮਜ਼ਦੂਰਾਂ ਲਈ ਅਜਿਹਾ ਕਰਨਾ ਵੱਡਾ ਜੋਖ਼ਮ ਮੁੱਲ ਲੈਣ ਵਾਲੀ ਗੱਲ ਹੈ। ਅਜਿਹਾ ਕਰਨਾ ਸਾਡੇ ਮਜ਼ਦੂਰਾਂ ਲਈ ਆਸਾਨ ਨਹੀਂ ਹੈ। ਸਾਡੇ ਦੇਸ਼ ਵਿਚ ਤਾਂ ਮਜ਼ਦੂਰ ਨੂੰ ਰੋਜ਼ਾਨਾ ਦੇ ਆਹਰ ਤੋਂ ਹੀ ਸਾਹ ਨਹੀਂ ਆਉਂਦਾ। ਸਾਡੇ ਮਜ਼ਦੂਰਾਂ ਦਾ ਮਜ਼ਬੂਤ ਸੰਗਠਨ ਵੀ ਨਹੀਂ ਹੈ। ਅਸਲ ਵਿਚ ਉਹ ਅਸੰਗਠਿਤ ਖੇਤਰ ਵਿਚ ਕੰਮ ਕਰਦੇ ਹਨ। ਉਨ੍ਹਾਂ ਦੀ ਤਾਂ ਕੋਈ ਜਥੇਬੰਦੀ ਹੈ ਹੀ ਨਹੀਂ ਹੈ। ਉਨ੍ਹਾਂ ਨੂੰ ਤਾਂ ਪੂਰਾ ਕੰਮ ਹੀ ਨਹੀਂ ਮਿਲਦਾ। ਦਿਨ ਭਰ ਦੀ ਰੋਟੀ ਦਾ ਆਹਰ ਤਾਂ ਉਹ ਮੁਸ਼ਕਿਲ ਨਾਲ ਕਰਦੇ ਹਨ। ਭਾਵੇਂ ਦੇਸ਼ ਵਿਚ 59 ਹਜ਼ਾਰ ਟਰੇਡ ਯੂਨੀਅਨਾਂ ਹਨ ਪਰ ਜਿੱਥੋਂ ਤੱਕ ਅਨਿਯਮਤ ਖੇਤਰ ਦੇ ਕਾਮਿਆਂ ਦੀ ਗੱਲ ਹੈ, ਉਨ੍ਹਾਂ ਦਾ ਕੋਈ ਸੰਗਠਨ ਨਹੀਂ ਹੈ, ਜੋ ਉਨ੍ਹਾਂ ਖ਼ਾਤਰ ਲੜੇ। ਸਾਡੇ ਕਾਮੇ ਅਨਪੜ੍ਹ ਹੋਣ ਕਰਕੇ ਉਨ੍ਹਾਂ ਨੂੰ ਕਾਨੂੰਨਾਂ ਦੀ ਵਾਕਫ਼ੀਅਤ ਨਹੀਂ ਹੈ। ਉਨ੍ਹਾਂ ਨੂੰ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਵੀ ਜਾਣਕਾਰੀ ਨਹੀਂ ਹੈ। ਉਹ ਤਾਂ ਮੁਕੰਮਲ ਤੌਰ @ਤੇ ਅਸੁਰੱਖਿਅਤ ਹਨ। ਇਸ ਲਈ ਸਾਡੇ ਕਾਮਿਆਂ ਦੀ ਹਾਲਤ ਬਹੁਤ ਤਰਸਯੋਗ ਹੈ। ਉਹ ਤਾਂ ਜੂਨ ਗੁਜ਼ਾਰਾ ਕਰਦੇ ਹਨ। ਇਹ ਵੀ ਸੱਚ ਹੈ ਕਿ ਮਜ਼ਦੂਰ ਜ਼ਿਆਦਾਤਰ ਦਲਿਤ ਵਰਗ ਨਾਲ ਸਬੰਧਿਤ ਹਨ। ਉਹ ਜੰਮਦੇ ਹੀ ਗ਼ਰੀਬ ਹੁੰਦੇ ਹਨ। ਸੰਨ 2010 ਵਿਚ ਦੇਸ਼ ਦੇ 98 ਫ਼ੀਸਦੀ ਮਜ਼ਦੂਰਾਂ ਦੀ ਕੋਈ ਵੀ ਜਥੇਬੰਦੀ ਨਹੀਂ ਸੀ। ਉਹ ਕਿਸੇ ਵੀ ਕਾਨੂੰਨ, ਨਿਯਮ ਜਾਂ ਸਮਝੌਤੇ ਤਹਿਤ ਨਹੀਂ ਸੀ ਆਉਂਦੇ। ਅਜਿਹੇ ਹਾਲਾਤ ਵਿਚ ਉਨ੍ਹਾਂ ਦੀ ਕਿਹੜੀ ਸੁਰੱਖਿਆ ਹੋ ਸਕਦੀ ਹੈ? ਉਨ੍ਹਾਂ ਦਾ ਤਾਂ ਕੋਈ ਆਗੂ ਹੀ ਨਹੀਂ ਹੈ। ਜੇਕਰ ਉਨ੍ਹਾਂ ਦਾ ਕੋਈ ਆਗੂ ਬਣ ਵੀ ਜਾਵੇ ਤਾਂ ਉਹ ਉਨ੍ਹਾਂ ਨਾਲ ਹੀ ਸਿਆਸਤ ਖੇਡਦਾ ਹੈ। ਉਹ ਉਨ੍ਹਾਂ ਨੂੰ ਹੀ ਵਰਤਣਾ ਸ਼ੁਰੂ ਕਰ ਦਿੰਦਾ ਹੈ। ਮਜ਼ਦੂਰ ਵਰਗ ਸਮਾਜ ਦਾ ਸਭ ਤੋਂ ਅਣਗੌਲਿਆ ਵਰਗ ਹੈ। ਭਾਵੇਂ ਮਜ਼ਦੂਰਾਂ ਦੀਆਂ ਸਮੱਸਿਆਵਾਂ ਨਿੱਤ ਦਿਨ ਦੀਆਂ ਹਨ ਪਰ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਵੱਲ ਕਿਸੇ ਦਾ ਧਿਆਨ ਹੀ ਨਹੀਂ। ਉਨ੍ਹਾਂ ਦੀ ਸਭ ਤੋਂ ਵੱਡੀ ਸਮੱਸਿਆ ਤਾਂ ਵਾਜਬ ਤਨਖ਼ਾਹ ਅਤੇ ਨਿਰੰਤਰ ਦਿਹਾੜੀ ਦੀ ਹੈ। ਉਨ੍ਹਾਂ ਦੇ ਮਾੜੇ ਰਹਿਣ-ਸਹਿਣ ਵੱਲ ਵੀ ਕਿਸੇ ਦਾ ਧਿਆਨ ਨਹੀਂ ਹੈ। ਉਹ ਸਭ ਤੋਂ ਘਟੀਆ ਅਤੇ ਗੰਦੀਆਂ ਥਾਵਾਂ ਅਤੇ ਬਸਤੀਆਂ ਵਿਚ ਰਹਿੰਦੇ ਹਨ। ਉਨ੍ਹਾਂ ਦਾ ਖਾਣ-ਪੀਣ ਵੀ ਘਟੀਆ ਦਰਜੇ ਦਾ ਹੈ। ਘੱਟ ਪੜ੍ਹੇ-ਲਿਖੇ ਹੋਣ ਕਰਕੇ ਅਤੇ ਕੰਮ ਦੇ ਬੋਝ ਕਰਕੇ ਉਹ ਨਸ਼ਿਆਂ ਦਾ ਸੇਵਨ ਵੀ ਕਰਨ ਲੱਗ ਜਾਂਦੇ ਹਨ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਨਿਰੰਤਰ ਕੰਮ ਦੀ ਜ਼ਰੂਰਤ ਹੈ ਜਿਸ ਵੱਲ ਕਿਸੇ ਦਾ ਧਿਆਨ ਹੀ ਨਹੀਂ। ਹੜਤਾਲ ਮੁਜ਼ਾਹਰੇ ਕਰਨੇ ਤਾਂ ਉਨ੍ਹਾਂ ਦੇ ਵੱਸ ਦੀ ਗੱਲ ਹੀ ਨਹੀਂ। ਉਹ ਘਰ ਕਿਸ ਤਰ੍ਹਾਂ ਚਲਾਉਣਗੇ। ਉਹ ਟੁੱਟਵੇਂ ਕੰਮ ਕਰਦੇ ਹਨ। ਸਾਲ ਦਾ ਵੱਡਾ ਹਿੱਸਾ ਤਾਂ ਉਹ ਬੇਰੁਜ਼ਗਾਰ ਹੀ ਰਹਿੰਦੇ ਹਨ। ਕੰਮ ਦੇ ਮੌਕੇ ਉਨ੍ਹਾਂ ਦੀ ਗਿਣਤੀ ਮੁਤਾਬਿਕ ਪੈਦਾ ਨਹੀਂ ਹੋ ਰਹੇ। ਬੇਰੁਜ਼ਗਾਰੀ ਤਾਂ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਸਰਕਾਰਾਂ ਦੀ ਵੀ ਹੁਣ ਨੀਤੀ ਬਣ ਗਈ ਹੈ ਕਿ ਘੱਟ ਤੋਂ ਘੱਟ ਬੰਦਿਆਂ ਨਾਲ ਕੰਮ ਚਲਾਇਆ ਜਾਵੇ ਅਤੇ ਉਨ੍ਹਾਂ ਨੂੰ ਤਨਖਾਹ ਵੀ ਘੱਟ ਤੋਂ ਘੱਟ ਦਿੱਤੀ ਜਾਵੇ। ਦੇਸ਼ ਦੇ ਵਿਕਾਸ ਵਿਚ ਮਜ਼ਦੂਰ ਜਮਾਤ ਦਾ ਬਹੁਤ ਵੱਡਾ ਯੋਗਦਾਨ ਹੈ। ਇਹ ਵੱਖਰੀ ਗੱਲ ਹੈ ਕਿ ਅਜਿਹਾ ਕੋਈ ਵੀ ਮੰਨਣ ਲਈ ਤਿਆਰ ਨਹੀਂ। ਕੋਈ ਵੀ ਕਿਸੇ ਵੀ ਕਿਸਮ ਦਾ ਉਤਪਾਦਨ ਕਿਰਤੀ ਤੋਂ ਬਿਨਾਂ ਸੰਭਵ ਨਹੀਂ। ਇਸ ਦੇ ਬਾਵਜੂਦ ਕਿਰਤੀ ਅਤੇ ਕਿਰਤ ਦੀ ਬੇਕਦਰੀ ਹੈ। ਸਮੁੱਚੇ ਸਮਾਜ ਦੀ ਬੁਨਿਆਦ ਕਿਰਤੀ ਦੀ ਕਿਰਤ ਦੇ ਸਿਰ @ਤੇ ਹੀ ਟਿਕੀ ਹੋਈ ਹੈ। ਭਾਵੇਂ ਕਿਰਤੀਆਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਨੂੰ ਦੇਸ਼ ਦੀ ਮੁੱਖ ਸਮੱਸਿਆ ਵਜੋਂ ਲੈਣਾ ਚਾਹੀਦਾ ਹੈ ਪਰ ਉਹ ਗ਼ਰੀਬ ਹਨ। ਕੌਣ ਪੁੱਛਦਾ ਗ਼ਰੀਬ ਨੂੰ। ਧੌਣ +ਤੇ ਗੋਡਾ ਰੱਖਣਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੈ। ਉਹ ਤਾਂ ਗੁਜ਼ਾਰਾ ਮਸਾਂ ਕਰਦੇ ਹਨ।

ਦੇਸ਼ ਵਿਚ ਕਿਰਤੀ ਵਰਗ ਦੀ ਇੱਜ਼ਤ ਅਤੇ ਆਬਰੂ ਬਹਾਲ ਕਰਨ ਲਈ ਵੱਡੇ ਕਿਰਤ ਸੁਧਾਰਾਂ ਦੀ ਜ਼ਰੂਰਤ ਹੈ। ਕਿਰਤ ਕਰਨ ਨੂੰ ਹੱਤਕ ਨਹੀਂ ਸਮਝਣਾ ਚਾਹੀਦਾ। ਕਿਰਤੀ ਨੂੰ ਇੱਜ਼ਤ-ਮਾਣ ਮਿਲਣਾ ਚਾਹੀਦਾ ਹੈ ਜੋ ਨਹੀਂ ਮਿਲ ਰਿਹਾ। ਕਿਰਤੀ ਅਤੇ ਉਨ੍ਹਾਂ ਦੇ ਬੱਚਿਆਂ ਦੇ ਪੜ੍ਹਨ-ਲਿਖਣ ਅਤੇ ਕਿੱਤਾਮੁਖੀ ਸਿਖਲਾਈ ਦਾ ਵੀ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਕਿਰਤੀ ਨਿਰਾਪੁਰਾ ਜਿਸਮਾਨੀ ਕਿਰਤ ਤੱਕ ਹੀ ਸੀਮਤ ਨਾ ਰਹੇ ਅਤੇ ਉਸ ਨੂੰ ਆਪਣੇ ਹੱਕਾਂ ਬਾਰੇ ਜਾਣਕਾਰੀ ਹੋ ਸਕੇ। ਕੰਮ ਦਾ ਅਧਿਕਾਰ ਮੌਲਿਕ ਅਧਿਕਾਰਾਂ ਦੀ ਸੂਚੀ ਦਾ ਹਿੱਸਾ ਬਣਾਇਆ ਜਾਵੇ ਤਾਂ ਜੋ ਕੰਮ ਦੀ ਕੋਈ ਗਰੰਟੀ ਹੋ ਸਕੇ। ਜੇਕਰ ਮਨਸਾ ਹੋਵੇ ਤਾਂ ਸਭ ਕੁਝ ਹੋ ਸਕਦਾ ਹੈ। ਇਹ ਨਹੀਂ ਕਿ ਕੰਮ ਦੀ ਗਰੰਟੀ ਨਹੀਂ ਦਿੱਤੀ ਜਾ ਸਕਦੀ। ਵਿਕਸਿਤ ਦੇਸ਼ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਕੰਮ ਦੀ ਗਰੰਟੀ ਦੇ ਰਹੇ ਹਨ। ਘੱਟ ਤੋਂ ਘੱਟ ਵੇਤਨ ਦਾ ਕਾਨੂੰਨ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਤਾਂ ਕਿ ਕਿਰਤੀ ਨੂੰ ਉਸ ਦਾ ਮਿਹਨਤਾਨਾ ਪੂਰਾ ਮਿਲੇ ਅਤੇ ਉਸ ਦਾ ਸ਼ੋਸ਼ਣ ਰੁਕ ਸਕੇ। ਕਿਰਤ ਕਾਨੂੰਨਾਂ ਵਿਚ ਸੁਧਾਰ ਕੀਤਾ ਜਾਵੇ। ਕਾਨੂੰਨ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਸੁਰੱਖਿਆ ਦੇਣ। ਮਜ਼ਦੂਰਾਂ ਦਾ ਰਹਿਣ-ਸਹਿਣ ਉੱਚਾ ਚੁੱਕਣ ਦੇ ਯਤਨ ਕਰਨੇ ਵੀ ਅਤਿ ਜ਼ਰੂਰੀ ਹਨ। ਉਨ੍ਹਾਂ ਨੂੰ ਸਿਹਤ ਸਹੂਲਤ ਵੀ ਸਰਕਾਰ ਮੁਫ਼ਤ ਜਾਂ ਬਹੁਤ ਘੱਟ ਕੀਮਤ @ਤੇ ਮੁਹੱਈਆ ਕਰਵਾਏ। ਉਨ੍ਹਾਂ ਦੀ ਬੱਚਤ ਤਾਂ ਹੈ ਨਹੀਂ। ਮਹਿੰਗੇ ਇਲਾਜ ਕਰਾਉਣ ਦੀ ਉਨ੍ਹਾਂ ਦੀ ਸਮਰੱਥਾ ਨਹੀਂ ਹੈ। ਸਭ ਤੋਂ ਵੱਡੀ ਗੱਲ ਮਜ਼ਦੂਰਾਂ ਲਈ ਕੰਮ ਦਾ ਪ੍ਰਬੰਧ ਕਰਨ ਦੀ ਹੈ। ਉਨ੍ਹਾਂ ਨੂੰ ਪੂਰਾ ਕੰਮ ਨਹੀਂ ਮਿਲ ਰਿਹਾ। ਉਨ੍ਹਾਂ ਨੂੰ ਵਾਜਬ ਵੇਤਨ ਜ਼ਰੂਰ ਮਿਲਣਾ ਚਾਹੀਦਾ ਹੈ ਜੋ ਨਹੀਂ ਹੋ ਰਿਹਾ ਹੈ। ਮਜਬੂਰੀ ਵੱਸ ਉਨ੍ਹਾਂ ਨੂੰ ਆਪਣੀ ਕਿਰਤ ਨੂੰ ਨਿਗੂਣੀ ਕੀਮਤ @ਤੇ ਵੇਚਣਾ ਪੈਂਦਾ ਹੈ। ਵੈਸੇ ਵੀ ਸਾਡੇ ਦੇਸ਼ ਵਿਚ ਕਿਰਤੀ ਦਾ ਮਿਹਨਤਾਨਾ ਬਹੁਤ ਘੱਟ ਹੈ। ਮਿਹਨਤਾਨਾ ਏਨਾ ਘੱਟ ਹੈ ਕਿ ਕਿਰਤੀ ਲਈ ਆਪਣਾ, ਆਪਣੇ ਪਰਿਵਾਰ ਦਾ ਪੇਟ ਪਾਲਣਾ ਵੀ ਔਖਾ ਹੈ। ਕਿਰਤੀ ਦਾ ਮਿਹਨਤਾਨਾ ਕੀਮਤ ਸੂਚਕ ਅੰਕ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਕੀਮਤਾਂ ਦੇ ਵਾਧੇ ਨਾਲ ਉਸ ਦਾ ਮਿਹਨਤਾਨਾ ਵੀ ਵਧੇ। ਉਨ੍ਹਾਂ ਨੂੰ ਤਾਂ ਘੱਟ ਤੋਂ ਘੱਟ ਵੇਤਨ ਵੀ ਨਹੀਂ ਦਿੱਤਾ ਜਾਂਦਾ। ਉਨ੍ਹਾਂ ਦਾ ਸ਼ੋਸ਼ਣ ਵੱਡੇ ਪੱਧਰ @ਤੇ ਹੋ ਰਿਹਾ ਹੈ। ਭਾਵੇਂ ਉਹ ਸਖ਼ਤ ਮਿਹਨਤ ਕਰਦੇ ਹਨ ਪਰ ਉਜਰਤ ਵਾਜਬ ਨਾ ਹੋਣ ਕਰਕੇ ਉਹ ਬੇਚੈਨ ਰਹਿੰਦੇ ਹਨ। ਉਪਰੋਕਤ ਸਭ ਕੁਝ ਕਿਰਤ ਸੁਧਾਰਾਂ ਦਾ ਹਿੱਸਾ ਹੋਣਾ ਚਾਹੀਦਾ ਹੈ। ਕਿਰਤ ਸੁਧਾਰ ਸਮੇਂ ਮੁਤਾਬਿਕ ਲਗਾਤਾਰ ਹੁੰਦੇ ਰਹਿਣੇ ਚਾਹੀਦੇ ਹਨ ਤਾਂ ਕਿ ਸਮੇਂ ਮੁਤਾਬਿਕ ਕਿਰਤੀ ਵਰਗ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਦਾ ਹੱਲ ਹੋ ਸਕੇ। ਕਹਿਣ ਦਾ ਭਾਵ ਸਰਕਾਰ ਨੂੰ ਕਿਰਤੀ ਵਰਗ ਦੀ ਭਲਾਈ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ ਜੋ ਦੇਸ਼ ਦੇ ਵੱਡੇ ਹਿਤਾਂ ਵਿਚ ਹੈ।

48 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



Rakesh Puri 604-377-4085
Lalit (Nitu) 604-339-1599
Amarjit Singh 778-908-0523
Arya Bhalla 778-788-2429
Hardam S. Maan 604-308-6663
Shashi Madan 604-367-5611
Shirin Mitha 604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

feb 20

ਕੈਨੇਡੀਅਨ ਜੱਟ ਸਿੱਖ ਪਰਿਵਾਰ ਆਪਣੇ 30 ਸਾਲ, ਕੱਦ 6'0 ਸੋਹਣੇ ਲੜਕੇ ਲਈ ਲੜਕੀ ਦੀ ਭਾਲ ਕਰ ਰਹੇ ਹਨ। ਲੜਕੇ ਨੇ ਕਵਾਂਟਲੇਨ ਪੋਲੀਟੈਕਨਿਕ ਯੂਨੀਵਰਸਿਟੀ ਤੋਂ ਬੀ.ਬੀ.ਏ(BBA) ਕੀਤੀ ਹੋਈ ਹੈ ਅਤੇ ਪੇਸ਼ੇਵਰ ਚਾਰਟਰਡ ਅਕਾਊਂਟੈਂਟ ਹੈ। ਲੜਕੀ ਕੈਨੇਡੀਅਨ ਨਾਗਰਿਕ ਜਾਂ ਪੀ.ਆਰ ਹੋਣੀ ਚਾਹੀਦੀ ਹੈ। ਸੰਪਰਕ:778-878-3959 ਜਾਂ ਈਮੇਲ: kjsbrar9@yahoo.ca

ਜੱਟ ਸਿੱਖ ਗਿੱਲ ਪਰਿਵਾਰ ਦਾ ਲੜਕਾ ਉਮਰ 28 ਸਾਲ ਕੱਦ 5'7", ਨਸ਼ਿਆਂ ਤੋਂ ਰਹਿਤ, ਕਲੀਨ ਸ਼ੇਵ ਕੈਨੇਡੀਅਨ ਪੀ.ਆਰ. ਵਾਸਤੇ ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 604-655-3336 ਜਾਂ ਈਮੇਲ: happy9284@yahoo.com

### ਲੜਕੇ ਦੀ ਲੋੜ

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ– 604-761-7580 ਜਾਂ 604-599-8237

feb 20

ਕੈਨੇਡੀਅਨ ਪੀ.ਆਰ. ਸੈਣੀ ਸਿੱਖ, ਉਮਰ 29 ਸਾਲ ਕੱਦ 5'3", ਐਮ. ਟੈਕ, ਇਮੀਗਰਾਂਟ ਕਨਸਲਟੈਂਟ ਦੀ ਸਟੱਡੀ ਕਰ ਰਹੀ ਸੁਨੱਖੀ ਲੜਕੀ ਵਾਸਤੇ ਚੰਗੇ ਪਰਿਵਾਰ ਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਲੜਕੀ ਦੇ ਮਾਤਾ ਪਿਤਾ ਸਰਕਾਰੀ ਨੌਕਰੀ ਕਰਦੇ ਹਨ। ਸੰਪਰਕ– 604-902-5319 (ਵਟਸ ਐਪ) ਜਾਂ ਈਮੇਲ: gurdevsiaini0020@gmail.com

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।**
**ਅੱਜ ਹੀ ਸੰਪਰਕ ਕਰੋ:**
**ਸਾਹਿਬ ਸਿੰਘ : 778-863-9000**

## ਕਿਰਾਏ ਲਈ ਖਾਲੀ

ਸਰੀ ਵਿੱਚ 2 ਬੈਡਰੂਮ ਬੇਸਮੈਂਟ ਕਿਰਾਏ ਲਈ ਉਪਲਬਧ ਹੈ। ਵੱਖਰਾ ਲਿਵਿੰਗ ਰੂਮ, 68 ਐਵੇਨਿਊ ਅਤੇ 142 ਸਟ੍ਰੀਟ ਦੇ ਨੇੜੇ। ਸ਼ਾਕਾਹਾਰੀ ਹੋਣਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਮਨ੍ਹਾਂ ਹੈ। ਇੰਟਰਨੈੱਟ ਅਤੇ ਨਿੱਜੀ ਲਾਂਡਰੀ ਹੈ। ਕੋਈ ਪਾਲਤੂ ਜਾਨਵਰ ਨਹੀਂ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-961-4251

## MATRIMONIALS

ਜੱਟ ਸਿੱਖ ਲੜਕਾ ਉਮਰ 27 ਸਾਲ ਕੱਦ 5'7", ਨਸ਼ਿਆਂ ਤੋਂ ਰਹਿਤ ਕੈਨੇਡੀਅਨ ਪੀ.ਆਰ ਵਾਸਤੇ ਪੀ.ਆਰ, ਵਿਜ਼ਟਰ ਜਾਂ ਸਟੂਡਿੰਟ ਸੁੰਦਰ ਲੜਕੀ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 23 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ। ਸੰਪਰਕ: 604-300-2361 ਜਾਂ ਇੰਡੀਆ: 94174-80918

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ– ਲਖਵੀਰ ਸਿੰਘ ਗਰੇਵਾਲ: 778-881-0002

ਪਾਰਟ ਟਾਈਮ ਤਜਰਬੇਕਾਰ ਐਂਡ ਡੰਪ ਡਰਾਈਵਰ ਦੀ ਜਰੂਰਤ ਹੈ। ਖੁਦਾਈ ਦੇ ਤਜਰਬੇ ਦੇ ਨਾਲ, ਉਸ ਨੂੰ ਆਪਣੇ ਆਪ ਟਰੱਕ ਲੋਡ ਕਰਨ ਦਾ ਤਜਰਬਾ ਹੋਣਾ ਚਾਹੀਦਾ ਹੈ। ਸਹੀ ਤਜਰਬੇਕਾਰ ਵਿਅਕਤੀ ਲਈ ਫੁਲ ਟਾਇਮ ਕੰਮ ਹੋ ਸਕਦਾ ਹੈ। ਤਨਖਾਹ ਲਈ ਸਮਝੌਤਾ ਕਰ ਸਕਦੇ ਹਾਂ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 778-882-9574

feb 13

ਰਿਚਮੰਡ ਵਿਚ ਫਾਰਮ ਹਾਊਸ ਲਈ ਪਾਰਟ ਟਾਈਮ ਆਮ ਲੇਬਰ ਦੀ ਜ਼ਰੂਰਤ ਹੈ। ਮਸ਼ੀਨ ਦੇ ਤਜਰਬੇ ਵਾਲੇ ਨੂੰ ਤਰਜੀਹ ਮਿਲੇਗੀ। ਤਨਖਾਹ $16 ਪ੍ਰਤੀ ਘੰਟਾ ਤੋਂ ਸ਼ੁਰੂ ਹੁੰਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 778-882-9574

feb 20

**H.R. Stucco & Renovations Ltd.** ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ। ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800

## ਕੰਮ ਦਾ ਸੁਨਿਹਰੀ ਮੌਕਾ

ਸਟਾਰ ਲਾਈਟ ਟਰਾਂਸਪੋਰਟ ਕੰਪਨੀ ਵਾਲਿਆਂ ਨੂੰ ਸਾਰੇ ਕਨੇਡਾ ਅਤੇ ਅਮਰੀਕਾ ਲਈ ਟਰੱਕ ਡਰਾਈਵਰਾਂ ਦੀ ਜ਼ਰੂਰਤ ਹੈ। LMI ਅਤੇ SINP ਪ੍ਰਦਾਨ ਕੀਤੀ ਜਾ ਸਕਦੀ ਹੈ। ਅਸੀਂ ਯੂ ਐਸ ਏ ਵੀਜ਼ਾ ਪ੍ਰਾਪਤ ਕਰਨ ਵਿਚ ਵੀ ਮਦਦ ਕਰ ਸਕਦੇ ਹਾਂ। ਚੰਗੀ ਤਨਖਾਹ। ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ।

**ਹੋਰ ਜਾਣਕਾਰੀ ਲਈ ਜਤਿੰਦਰ ਬਰਾੜ ਨੂੰ ਕਾਲ ਕਰੋ**

**1-306-535-5555**

ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼...

# ਬੇ.ਗਮਪੁਰਾ ਦੇ ਸੁਪਨਸਾਜ਼, ਸ਼੍ਰੋਮਣੀ ਕਵੀ-ਗੁਰੂ ਰਵਿਦਾਸ



**ਕੁਲਵੰਤ ਸਿੰਘ ਮੀਆਂਪੁਰੀ**

ਮਹਾਨ ਚਿੰਤਕ ਅਤੇ ਸ਼੍ਰੋਮਣੀ ਕਵੀ ਗੁਰੂ ਰਵਿਦਾਸ ਦਾ ਜਨਮ ਬਨਾਰਸ ਲਾਗੇ ਸਥਿਤ ਪਿੰਡ ਮਾਂਡੁਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਰਘੂ (ਰਾਘਵ) ਅਤੇ ਮਾਤਾ ਦਾ ਨਾਂ ਕਰਮਾਂ ਦੇਵੀ ਲਿਖਿਆ ਮਿਲਦਾ ਹੈ। ਉਨ੍ਹਾਂ ਦੇ ਜਨਮ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ ਪਰ ਅੱਜ ਦੀ ਖੋਜ ਤੇ ਵਿਦਵਾਨਾਂ ਅਨੁਸਾਰ ਉਨ੍ਹਾਂ ਦਾ ਜਨਮ 1433 ਬਿਕ੍ਰਮੀ (1377 ਈ:) ਨੂੰ ਹੋਇਆ ਤੇ 1584 ਬਿਕ੍ਰਮੀ (1527 ਈ:) ਨੂੰ ਜੋਤੀ ਜੋਤ ਸਮਾ ਗਏ। ਗੁਰੂ ਰਵਿਦਾਸ ਜੀ ਬਚਪਨ ਤੋਂ ਹੀ ਆਪਣੇ ਪਿਤਾ ਪੁਰਖੀ ਕੰਮ ਵਿਚ ਮਾਪਿਆਂ ਦਾ ਹੱਥ ਵਟਾਉਣ ਲੱਗ ਪਏ ਸਨ। ਉਹ ਜੁੱਤੀਆਂ ਗੰਢ ਕੇ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਗੁਜ਼ਾਰਾ ਕਰਦੇ। ਜੋ ਵੀ ਉਨ੍ਹਾਂ ਕੋਲ ਆਉਂਦਾ, ਉਹ ਉਸ ਦੀ ਦਿਲੋਂ ਸੇਵਾ ਕਰਦੇ ਅਤੇ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ। ਆਪਣੀ ਬਾਣੀ ਵਿਚ ਗੁਰੂ ਰਵਿਦਾਸ ਬਿਆਨ ਕਰਦੇ ਹਨ:

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ।।**
**ਅਤੇ**
**ਕਹਿ ਰਵਿਦਾਸ ਖਲਾਸ ਚਮਾਰਾ।।**

ਉਨ੍ਹਾਂ ਨੇ ਸਵਾਮੀ ਰਾਮਾ ਨੰਦ ਨੂੰ ਆਪਣਾ ਗੁਰੂ ਧਾਰਿਆ ਅਤੇ ਵੈਸ਼ਨਵ ਮੱਤ ਵਿੱਚ ਸ਼ਾਮਲ ਹੋ ਗਏ। ਉਹ ਕਿਰਤ ਕਰਦਿਆਂ ਵੀ ਨਾਮ ਸਿਮਰਨ ਕਰਦੇ ਅਤੇ ਸੁਆਸ-ਸੁਆਸ ਰੱਬ ਨੂੰ ਚੇਤੇ ਕਰਦੇ। ਉਨ੍ਹਾਂ ਦੇ ਸਮਕਾਲੀ ਭਗਤ ਧੰਨਾ ਜੀ ਦੀ ਬਾਣੀ ਵੀ ਇਸ ਵਲ ਸੰਕੇਤ ਕਰਦੀ ਹੈ:

ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।।
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ।।

ਰਵਿਦਾਸ ਮਹਾਰਾਜ ਸਿਮਰਨ ਕਰਦੇ ਕਰਦੇ ਇਸ ਅਵਸਥਾ ਵਿਚ ਪਹੁੰਚ ਗਏ ਕਿ ਪ੍ਰਭੂ ਸ਼ਕਤੀ ਵਿਚ ਲੀਨ ਹੋ ਗਏ। ਉਨ੍ਹਾਂ ਵਿਚ ਤੇਰੇ-ਮੇਰੇ ਅਤੇ ਉਚ-ਨੀਚ ਵਿਚ ਕੋਈ ਫ਼ਰਕ ਬਾਕੀ ਨਹੀਂ ਰਿਹਾ ਅਤੇ ਸਮ-ਦ੍ਰਿਸ਼ਟੀ ਹੋ ਗਏ। ਉਹ ਸਰਵ ਵਿਆਪਕ ਪ੍ਰਮਾਤਮਾ ਨਾਲ ਓਤ-ਪੋਤ ਹੋ ਕੇ, ਇਕ-ਮਨ ਇਕ-ਚਿਤ ਹੋ ਕੇ ਅਲਾਪਣ ਲੱਗ ਪਏ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।

ਉਨ੍ਹਾਂ ਦਾ ਜਸ ਚਾਰ ਚੁਫੇਰੇ ਹੋਣ ਲੱਗਾ। ਕੀ ਨੀਚ, ਕੀ ਉਚ, ਕੀ ਗਰੀਬ, ਕੀ ਅਮੀਰ, ਇਥੋਂ ਤਕ ਕਿ ਉਸ ਵੇਲੇ ਦੇ ਕੱਟੜ ਬ੍ਰਾਹਮਣਵਾਦੀ ਸੋਚ ਦੇ ਲੋਕ ਵੀ ਉਨ੍ਹਾਂ ਦੇ ਦਰਸ਼ਨਾਂ ਤੇ ਸੰਗਤ ਦਾ ਲਾਹਾ ਲੈਣ ਲਈ ਆਉਣ ਲੱਗੇ। ਇਹ ਉਹ ਸਮਾਂ ਸੀ ਜਦੋਂ ਗਰੀਬ ਵਰਗ ਦੇ ਲੋਕਾਂ ਦਾ ਪਰਛਾਵਾਂ ਵੀ ਕਥਿਤ ਉੱਚ ਜਾਤੀਆਂ ਤੇ ਬ੍ਰਾਹਮਣ ਵਰਗ ਦੇ ਲੋਕਾਂ ਦੇ ਮੱਥੇ 'ਤੇ ਉਡਣੇ ਸੱਪ ਵਾਂਗ ਡੰਗ ਮਾਰਨ ਦਾ ਕੰਮ ਕਰਦਾ ਸੀ:

ਜਾ ਕੇ ਕੁਟੰਬ ਕੇ ਢੇਢ ਢੋਵੰਤ ਫਿਰਹਿ
ਅਜਹੁ ਬੰਨਾਰਸੀ ਆਸ ਪਾਸਾ।।
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ।।

ਉਨ੍ਹਾਂ ਦੇ ਨਾਂ ਦੀ ਮਹਿਮਾ ਐਨੀ ਫੈਲ ਗਈ ਕਿ ਰਵਿਦਾਸ ਗੁਰੂ ਜੀ ਦੇ ਪੈਰੋਕਾਰਾਂ ਵਿਚ ਉੱਚ ਵਰਗ ਦੇ ਲੋਕ, ਅਮੀਰ ਅਤੇ ਕਹਿੰਦੇ ਕਹਾਉਂਦੇ ਲੋਕ ਹੀ ਸ਼ਾਮਲ ਨਹੀਂ ਹੋਏ, ਸਗੋਂ ਚਿਤੌੜ ਦੇ ਰਾਜਪੂਤ ਘਰਾਣੇ ਦੀ ਰਾਣੀ ਝਾਲਾਂ ਬਾਈ ਵੀ ਉਨ੍ਹਾਂ ਦੀ ਸੇਵਕ ਬਣ ਗਈ। ਰਾਣੀ ਝਾਲਾਂ ਬਾਈ ਨੇ ਤਾਂ ਰਵਿਦਾਸ ਜੀ ਦੇ ਦੂਜੇ ਸੇਵਕਾਂ ਨਾਲ ਖੁਰਾਲਗੜ੍ਹ (ਨੇੜੇ ਗੜ੍ਹਸ਼ੰਕਰ) ਬੀਤ ਦੇ ਇਲਾਕੇ ਵਿਚ ਲੰਮਾ ਸਮਾਂ ਗੁਰੂ ਜੀ ਦੀ ਸੇਵਾ ਕੀਤੀ ਅਤੇ ਆਪ ਵੀ ਪ੍ਰਭੂ ਭਗਤੀ ਵਿਚ ਲੀਨ ਰਹਿਣ ਲੱਗੀ। ਗੁਰੂ ਰਵਿਦਾਸ ਦੀ ਮਹਿਮਾ ਦਾ ਗੁਣਗਾਨ ਕਰਦਿਆਂ ਭਾਈ ਗੁਰਦਾਸ ਜੀ ਲਿੱਖਦੇ ਹਨ:

ਗੁਰੂ ਗੁਰੂ ਜਗਿ ਵਜਿਆ
ਚਹੁੰ ਚਕਾਂ ਦੇ ਵਿਚ ਚਮਰੇਟਾ।।
ਚਹੁੰ ਵਰਨਾ ਉਪਦੇਸ਼ ਦਾ
ਗਿਆਨ ਧਿਆਨ ਕਰ ਭਗਤ ਸਹੇਟਾ।।

ਗੁਰੂ ਰਵਿਦਾਸ ਜੀ ਸੱਚੀ ਸੁੱਚੀ ਕਿਰਤ, ਨਿਮਰਤਾ, ਸਹਿਣਸ਼ੀਲਤਾ ਅਤੇ ਪ੍ਰਭੂ ਭਗਤੀ ਦਾ ਜਿਉਂਦਾ ਜਾਗਦਾ ਮੁਜੱਸਮਾ ਸਨ। ਉਹ ਭਗਤੀ, ਸੇਵਾ, ਸਿਮਰਨ, ਸੰਤੋਖ ਤੇ ਕਰਮਸ਼ੀਲਤਾ ਨੂੰ ਹੀ ਜੀਵਨ ਦਾ ਮਕਸਦ ਸਮਝਦੇ। ਉਨ੍ਹਾਂ ਦੀ ਬਾਣੀ ਪ੍ਰਭੂ ਪ੍ਰਮੇਸ਼ਵਰ ਦੇ ਇੱਕ ਹੋਣ, ਸਰਬ ਸ਼ਕਤੀਮਾਨ, ਸਰਬ ਵਿਆਪਕ ਤੇ ਮਨੁੱਖਤਾ ਦੀ ਇਕਸੁਰਤਾ ਤੇ ਬਰਾਬਰੀ ਦਾ ਉਪਦੇਸ਼ ਦਿੰਦੀ ਹੈ।

ਗੁਰੂ ਰਵਿਦਾਸ ਜੀ ਦੁਆਰਾ ਰਚਿਤ ਸ਼ਬਦ 'ਬੇਗਮਪੁਰਾ ਸ਼ਹਿਰ ਕੋ ਨਾਉਂ' ਵਿਚ ਵਰਤੇ ਬਿੰਬ ਅਤੇ ਅਲੰਕਾਰ ਉਨ੍ਹਾਂ ਦੀ ਦੂਰ ਦ੍ਰਿਸ਼ਟੀ, ਵਿਸ਼ਾਲ ਸੋਚ ਹੱਕ ਤੇ ਸੱਚ ਦੇ ਹਾਮੀ, ਮਨੁੱਖੀ ਤੜਪ, ਸਮੇਂ ਦੀ ਮੰਗ, ਰਾਜਨੀਤਿਕ ਤੇ ਧਾਰਮਿਕ ਸੋਚ, ਆਜ਼ਾਦ ਫਿਜ਼ਾ ਵਿਚ ਰਹਿਣ ਦੀ ਲੋਚਾ, ਜਗੀਰੂ ਬੰਧਨਾਂ ਤੋਂ ਛੁਟਕਾਰਾ, ਡਰ ਅਤੇ ਭੈਅ ਤੋਂ ਮੁਕਤੀ, ਤੁਰਨ-ਫਿਰਨ ਦੀ ਆਜ਼ਾਦੀ ਅਤੇ ਕਿਸੇ ਕਿਸਮ ਦੇ ਟੈਕਸ ਆਦਿ ਤੋਂ ਛੁਟਕਾਰਾ, ਮਨੁੱਖ ਮਾਤਰ ਦੇ ਸੱਚੇ ਹਮਦਰਦ ਤੇ ਸ਼ਹਿਰ ਰੂਪੀ ਦੇਸ਼ ਨੂੰ ਬਿਹਤਰੀਨ ਅਤੇ ਖੁਸ਼ਹਾਲ ਬਣਾਉਣ ਦਾ ਪ੍ਰਤੀਕ ਹਨ। ਉਹ ਸੱਚੇ ਦਿਲੋਂ ਚਿਤਵਦੇ ਹਨ:

ਬੇਗਮ ਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ।।
ਖਉਫੁ ਨ ਖਤਾ ਨ ਤਰਸੁ ਜਵਾਲੁ।।
ਅਬ ਮੋਹਿ ਖੂਬ ਵਤਨ ਗਹ ਪਾਈ।।
ਊਹਾਂ ਖੈਰਿ ਸਦਾ ਮੇਰੇ ਭਾਈ।।
ਕਾਇਮੁ ਦਾਇਮੁ ਸਦਾ ਪਾਤਿਸਾਹੀ।।
ਦੋਮ ਨ ਸੇਮ ਏਕ ਸੋ ਆਹੀ।।
ਆਬਾਦਾਨੁ ਸਦਾ ਮਸਹੂਰ।।
ਊਹਾ ਗਨੀ ਬਸਹਿ ਮਾਮੂਰ।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ
ਮਹਰਮ ਮਹਲ ਨ ਕੋ ਅਟਕਾਵੈ।।
ਕਹਿ ਰਵਿਦਾਸ ਖਲਾਸ ਚਮਾਰਾ
ਜੋ ਹਮ ਸਹਰੀ ਸੁ ਮੀਤੁ ਹਮਾਰਾ।।

ਜਿੱਥੇ ਉਕਤ ਸਤਰਾਂ ਉਨ੍ਹਾਂ ਦੀ ਮਨੁੱਖ ਮਾਤਰ ਅਤੇ ਇਨਸਾਨ ਦੇ ਵਿਅਕਤੀਗਤ ਸਰਬ ਕਲਿਆਣ ਅਤੇ ਸੁਚੱਜੀ ਜੀਵਨ ਸ਼ੈਲੀ ਦੀ ਸਰਬਸ੍ਰੇਸ਼ਟ ਲੋਚਾ ਦਾ ਪ੍ਰਤੀਕ ਹਨ, ਉਥੇ ਰਾਜਨੀਤਿਕ ਲੋਕਾਂ ਨੂੰ ਇਹ ਤਕੜਾ ਹਲੂਣਾ ਵੀ ਹੈ ਕਿ ਜੋ ਨਕਸ਼ਾ ਉਨ੍ਹਾਂ ਨੇ ਬੇਗਮਪੁਰੇ ਦਾ ਚਿਤਰਿਆ ਹੈ, ਉਹ ਉਸ ਦੇ ਅਨੁਰੂਪ ਢਾਂਚਾ ਤਿਆਰ ਕਰਨ ਤਾਂ ਜੋ ਹਰ ਬਸ਼ਰ ਇੱਕ ਸੁਚੱਜਾ ਜੀਵਨ ਬਸਰ ਕਰ ਸਕੇ। ਗੁਰੂ ਰਵਿਦਾਸ ਨੇ ਮਨੁੱਖ ਮਾਤਰ ਦਾ ਜ਼ਿੰਦਗੀ ਦੇ ਹਰ ਮੋੜ 'ਤੇ ਮਾਰਗ ਦਰਸ਼ਨ ਕੀਤਾ ਹੈ।








# ਬਾਗ਼ਬਾਨੀ ਦਾ ਸ਼ੌਕ ਤੁਸੀਂ ਵੀ ਪੂਰਾ ਕਰ ਸਕਦੇ ਹੋ

ਬਾਗ਼ਬਾਨੀ ਦੇ ਸ਼ੌਕ ਨੂੰ ਪੂਰਾ ਕਰਨ ਲਈ ਪਹਿਲਾਂ ਕੁਝ ਜਾਣਕਾਰੀ ਇਕੱਠੀ ਕਰ ਲਓ ਤਾਂ ਥੋੜ੍ਹੇ ਜਿਹੇ ਬੂਟਿਆਂ ਦਾ ਧਿਆਨ ਚੰਗੀ ਤਰ੍ਹਾਂ ਰੱਖ ਸਕਦੇ ਹੋ ਜਿਵੇਂ ਕਿਹੜੀ ਮਿੱਟੀ, ਕਿੰਨਾ ਪਾਣੀ, ਕਿਹੜੀ ਖਾਦ ਅਤੇ ਕਿਸ ਮੌਸਮ ਵਿਚ ਕਿਹੜਾ ਬੂਟਾ ਉੱਗ ਸਕਦਾ ਹੈ, ਇਸ ਬਾਰੇ ਜਾਣਕਾਰੀ ਇਕੱਠੀ ਕਰ ਲਓ। ਫਿਰ ਇਸ ਗੱਲ 'ਤੇ ਧਿਆਨ ਦਿਓ ਕਿ ਗਮਲੇ ਤੁਸੀਂ ਬਾਲਕੌਨੀ ਵਿਚ ਕਿਥੇ ਰੱਖੋਗੇ ਅਤੇ ਉਥੇ ਕਿੰਨੀ ਧੁੱਪ ਅਤੇ ਹਵਾ ਆਉਂਦੀ ਹੈ। ਬਾਗ਼ਬਾਨੀ ਲਈ ਸਹੀ ਸੰਦ ਵੀ ਖ਼ਰੀਦ ਲਓ ਤਾਂ ਕਿ ਉਨ੍ਹਾਂ ਦੀ ਕਟਿੰਗ, ਬਿਜਾਈ ਆਦਿ ਆਸਾਨੀ ਨਾਲ ਕਰ ਸਕੋ। ਇਸ ਲਈ ਰੰਬਾ, ਫੁਹਾਰਾ ਅਤੇ ਕਟਰ ਜ਼ਰੂਰ ਆਪਣੇ ਕੋਲ ਰੱਖੋ। ਇਕ ਛੋਟਾ ਪਾਣੀ ਸਪ੍ਰੇਅ ਕਰਨ ਵਾਲਾ ਡੱਬਾ ਵੀ ਰੱਖੋ ਤਾਂ ਕਿ ਛੋਟੇ ਪੱਤੇ ਵਾਲੇ ਬੂਟਿਆਂ ਨੂੰ ਸਾਫ਼ ਕੀਤਾ ਜਾ ਸਕੇ। ਆਪਣੇ ਲਈ ਵਾਟਰਪਰੂਫ ਦਸਤਾਨੇ ਵੀ ਜ਼ਰੂਰ ਰੱਖ ਲਓ। ਗਮਲੇ ਨੂੰ ਬਾਹਰ ਤੋਂ ਪੇਂਟ ਕਰਕੇ ਬਾਲਕੌਨੀ ਵਿਚ ਰੱਖੋ। ਉੱਚੇ ਬੂਟੇ ਵਾਲੇ ਗਮਲੇ ਪਿੱਛੇ ਅਤੇ ਛੋਟੇ ਬੂਟੇ ਵਾਲੇ ਗਮਲੇ ਅੱਗੇ ਰੱਖੋ ਤਾਂ ਕਿ ਛੋਟੇ ਬੂਟਿਆਂ ਵਾਲੇ ਗਮਲੇ ਵੱਡੇ ਬੂਟਿਆਂ ਦੇ ਪਿੱਛੇ ਲੁਕ ਕੇ ਆਪਣੀ ਸੁੰਦਰਤਾ ਘੱਟ ਨਾ ਕਰ ਦੇਣ। ਨਵਾਂ ਬੂਟਾ ਲਗਾਉਂਦੇ ਸਮੇਂ ਉਸ ਗਮਲੇ ਦੀ ਮਿੱਟੀ ਬਾਹਰ ਕੱਢ ਕੇ ਉਸ ਵਿਚ ਖਾਦ ਮਿਲਾ ਕੇ ਗਮਲੇ ਵਿਚ ਭਰੋ ਤਾਂ ਕਿ ਗਮਲੇ ਵਿਚ ਨਵਾਂ ਬੂਟਾ ਸੌਖਿਆਂ ਆਪਣੀ ਜੜ੍ਹ ਫੜ ਸਕੇ।




ਵਿਚ ਵਿਚ ਮੌਸਮੀ ਫੁੱਲ ਵੀ ਲਗਾਓ ਤਾਂ ਕਿ ਫੁੱਲਾਂ ਦੀ ਸੁੰਦਰਤਾ ਦਾ ਅਨੰਦ ਲਿਆ ਜਾ ਸਕੇ। ਬਸ ਧਿਆਨ ਰੱਖੋ ਕਿ ਮੌਸਮ ਖ਼ਤਮ ਹੁੰਦਿਆਂ ਹੀ ਉਸ ਵਿਚ ਦੂਜੇ ਬੂਟੇ ਲਗਾ ਦਿਓ। ਕੁਝ ਇਸ ਤਰ੍ਹਾਂ ਦੇ ਬੂਟੇ ਗਮਲਿਆਂ ਵਿਚ ਲਗਾਓ ਜੋ ਸਾਰਾ ਸਾਲ ਹਰੇ-ਭਰੇ ਰਹਿਣ ਤਾਂ ਕਿ ਤੁਹਾਡਾ ਬਗ਼ੀਚਾ ਹਰਿਆ-ਭਰਿਆ ਰਹੇ। ਜੋ ਵੀ ਬੂਟਾ ਲਗਾਉਣ ਜਾ ਰਹੇ ਹੋ, ਉਸ ਦੀ ਜਾਣਕਾਰੀ ਲੇਬਲ ਤੋਂ ਪੜ੍ਹ ਲਓ। ਕਿੰਨੀ ਧੁੱਪ ਅਤੇ ਕਿੰਨੀ ਛਾਂ ਦੀ ਜ਼ਰੂਰਤ ਹੈ, ਇਸ ਬਾਰੇ ਵੀ ਨਿਰਦੇਸ਼ ਪੜ੍ਹ ਲਓ। ਗਮਲੇ ਪੌਦਿਆਂ ਦੀ ਲੰਬਾਈ ਅਨੁਸਾਰ ਖ਼ਰੀਦੇ ਜਾਣ ਅਤੇ ਧੁੱਪ ਤੇ ਛਾਂ ਦਾ ਧਿਆਨ ਰੱਖਿਆ ਜਾਵੇ। ਬਹੁਤ ਸਾਰੇ ਗਮਲੇ ਬਾਲਕੌਨੀ ਵਿਚ ਨਾ ਰੱਖੋ। ਬਾਲਕੌਨੀ ਤੰਗ ਲਗਦੀ ਹੈ ਅਤੇ ਬੂਟਿਆਂ ਨੂੰ ਵਧਣ ਲਈ ਠੀਕ ਥਾਂ ਨਹੀਂ ਮਿਲਦੀ। ਗਮਲਿਆਂ ਵਿਚ ਵੀ ਕੁਝ ਦੂਰੀ ਬਣਾ ਕੇ ਰੱਖੋ। ਜੇਕਰ ਤੁਹਾਡੀ ਬਾਲਕੌਨੀ ਇਕ ਪਾਸੇ ਵੀ ਹੈ ਤਾਂ ਕੁਝ ਗਮਲੇ ਉਥੇ ਰੱਖੋ।

ਜੇਕਰ ਘਰ ਵਿਚ ਦਾਖਲਾ ਗੇਟ ਦੇ ਕੋਲ ਇਕ ਬਾਲਕੌਨੀ ਹੈ, ਜਿਸ ਨੂੰ ਬਰਾਂਡਾ ਵੀ ਕਹਿੰਦੇ ਹਨ ਤਾਂ ਉਥੇ ਇਕ ਕੋਨੇ ਵਿਚ ਗਮਲਿਆਂ ਨੂੰ ਰੱਖੋ। ਵਿਚਾਲੇ ਜਿਹੇ ਗੋਲ ਪੱਥਰ ਵੀ ਰੱਖੋ ਤਾਂ ਬਗ਼ੀਚੇ ਦਾ ਕਾਰਨਰ ਚੰਗਾ ਲੱਗੇਗਾ। ਗਮਲਿਆਂ ਵਿਚ ਲੱਗੇ ਬੂਟਿਆਂ 'ਤੇ ਪਾਣੀ ਫੁਹਾਰੇ ਨਾਲ ਪਾਓ। ਡੱਬੇ ਜਾਂ ਪਾਈਪ ਨਾਲ ਪਾਉਣ ਨਾਲ ਜੜ੍ਹਾਂ 'ਚੋਂ ਮਿੱਟੀ ਨਿਕਲ ਜਾਂਦੀ ਹੈ ਅਤੇ ਬੂਟਾ ਸੁੱਕ ਜਾਂਦਾ ਹੈ। ਸਮੇਂ-ਸਮੇਂ 'ਤੇ ਖਾਦ ਪਾਉਂਦੇ ਰਹੋ ਤਾਂ ਕਿ ਉਨ੍ਹਾਂ ਨੂੰ ਖੁਰਾਕ ਮਿਲਦੀ ਰਹੇ। ਹਫ਼ਤੇ, ਡੇਢ ਹਫ਼ਤੇ ਵਿਚ ਗੋਡੀ ਰੰਬੇ ਨਾਲ ਜ਼ਰੂਰ ਕਰੋ ਤਾਂ ਕਿ ਹੇਠਾਂ ਦੀ ਮਿੱਟੀ ਉੱਪਰ ਹੁੰਦੀ ਰਹੇ ਅਤੇ ਬੂਟਾ ਕੁਦਰਤੀ ਰੂਪ ਨਾਲ ਸਾਹ ਲੈਂਦਾ ਰਹੇ। ਧਿਆਨ ਰੱਖੋ ਜਿਸ ਸਮੇਂ ਗੋਡੀ ਕਰੋ, ਪਾਣੀ ਉਸ ਸਮੇਂ ਨਾ ਪਾਓ। ਘੱਟ ਤੋਂ ਘੱਟ ਪੰਜ ਘੰਟਿਆਂ ਦਾ ਵਕਫ਼ਾ ਜ਼ਰੂਰ ਰੱਖੋ ਅਤੇ ਸ਼ਾਮ ਨੂੰ ਜਾਂ ਅਗਲੇ ਦਿਨ ਪਾਣੀ ਪਾਓ। ਛੰਟਾਈ ਵੀ ਕਰਦੇ ਰਹੋ। ਸੁੱਕੇ ਪੱਤੇ, ਕੱਟੇ ਟੁੱਟੇ ਪੱਤੇ, ਜੰਗਲੀ ਘਾਹ ਨਾਲ-ਨਾਲ ਕੱਢਦੇ ਰਹੋ ਤਾਂ ਕਿ ਇਹ ਬੂਟਿਆਂ ਦੀ ਖੁਰਾਕ ਨੂੰ ਨਾ ਖਾਂਦੇ ਰਹਿਣ। ਗਮਲੇ ਵਿਚ ਲੱਗੇ ਬੂਟੇ ਸੁੰਦਰ ਲੱਗਣਗੇ। ਜਦੋਂ ਪੱਤੇ ਜਾਂ ਟਾਹਣੀਆਂ ਜ਼ਿਆਦਾ ਵਧ ਜਾਣ ਤਾਂ ਕਟਰ ਦੀ ਸਹਾਇਤਾ ਨਾਲ ਉਨ੍ਹਾਂ ਨੂੰ ਸਹੀ ਆਕਾਰ ਦਿੰਦੇ ਰਹੋ। ਆਪਣੇ ਮਿੱਤਰਾਂ ਅਤੇ ਸਬੰਧੀਆਂ ਤੋਂ ਜੋ ਗਾਰਡਨਿੰਗ ਦੇ ਸ਼ੌਕੀਨ ਹੋਣ, ਸਲਾਹ ਵੀ ਲੈਂਦੇ ਰਹੋ।

ਜੋ ਵੀ ਬੂਟਾ ਲਗਾਉਣ ਜਾ ਰਹੇ ਹੋ, ਉਸ ਦੀ ਜਾਣਕਾਰੀ ਲੇਬਲ ਤੋਂ ਪੜ੍ਹ ਲਓ। ਕਿੰਨੀ ਧੁੱਪ ਅਤੇ ਕਿੰਨੀ ਛਾਂ ਦੀ ਜ਼ਰੂਰਤ ਹੈ, ਇਸ ਬਾਰੇ ਵੀ ਨਿਰਦੇਸ਼ ਪੜ੍ਹ ਲਓ। ਗਮਲੇ ਪੌਦਿਆਂ ਦੀ ਲੰਬਾਈ ਅਨੁਸਾਰ ਖ਼ਰੀਦੇ ਜਾਣ ਅਤੇ ਧੁੱਪ ਤੇ ਛਾਂ ਦਾ ਧਿਆਨ ਰੱਖਿਆ ਜਾਵੇ। ਬਹੁਤ ਸਾਰੇ ਗਮਲੇ ਬਾਲਕੌਨੀ ਵਿਚ ਨਾ ਰੱਖੋ। ਬਾਲਕੌਨੀ ਤੰਗ ਲਗਦੀ ਹੈ ਅਤੇ ਬੂਟਿਆਂ ਨੂੰ ਵਧਣ ਲਈ ਠੀਕ ਥਾਂ ਨਹੀਂ ਮਿਲਦੀ। ਗਮਲਿਆਂ ਵਿਚ ਵੀ ਕੁਝ ਦੂਰੀ ਬਣਾ ਕੇ ਰੱਖੋ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

"ਆਪਣੇ ਭਾਈਚਾਰੇ ਦਾ ਮਾਣ"
NOW OPEN 2ND LOCATION IN ABBOTSFORD
UNIT #4, 2599 CEDAR PARK, PLACE
ABOVE MONA CLOTH HOUSE
PH: 604.615.8731


AMANDEEP SINGH
JUSTIN S. THIND

I.C.B.C. Claims
• No Win No Fee
Criminal Law
• Homicide and Attempted Homicide
• Extradition Matters
• Drug Offences
• Assaults
• Sexual Assaults
• Drinking and Driving Offences
• Theft and Robbery
• Offences relating to Prostitution
Divorce Cases
Immigration Law
• Immigration Appeals
• Overseas sponsorships of spouses, dependant children and parents
• Inland sponsorships of spouses, dependant children and parents
• Provincial Nominee Programs (PNP)
• Skilled Worker category
• Self-Employed
• Investor and Entrepreneur Immigration
• Work-Permits
Real Estate
• Commercial and Real Estate
• Purchase and Sale of Property
• Financing and Refinancing
• Mortgages First and Subsequent
• ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
• ਕ੍ਰਿਮਨਲ ਲਾਅ • ਡਾਈਵੋਰਸ ਕੇਸ
• ਇਮੀਗ੍ਰੇਸ਼ਨ ਲਾਅ • ਰੀਅਲ ਐਸਟੇਟ
FREE Consultation
604.543.3886
Moved to New Location
13025 - 80TH AVE., SURREY
SINGH THIND & ASSOCIATES
BARRISTERS & SOLICITORS

# ਪੰਜਾਬੀ ਫ਼ਿਲਮਾਂ ਦਾ ਮਕਬੂਲ ਸਿਤਾਰਾ ਧੀਰਜ ਕੁਮਾਰ

[ਸਫ਼ਾ 21 ਦੀ ਬਾਕੀ]

ਇਕ ਤੇ ਹੀਰਾਂ ਦੋ' (1979) 'ਚ ਉਸਨੇ ਇੰਸਪੈਕਟਰ 'ਅਜੈ' ਦਾ ਪਾਰਟ ਅਦਾ ਕੀਤਾ, ਜਿਸਦੇ ਸਨਮੁੱਖ ਭਾਵਨਾ ਭੱਟ ਡਬਲ ਰੋਲ ਕਰ ਰਹੀ ਸੀ। ਸੁਰਿੰਦਰ ਕੋਹਲੀ ਦੇ ਸੰਗੀਤ 'ਚ ਧੀਰਜ ਕੁਮਾਰ ਤੇ ਭਾਵਨਾ ਭੱਟ 'ਤੇ ਫ਼ਿਲਮਾਏ 'ਨੀਂ ਕੁੜੀਏ ਠਹਿਰ ਜਾ ਵੇ ਠਹਿਰ ਜਾ ਟਰੱਕ ਦੇ ਡਰੈਵਰਾ' (ਮੁਹੰਮਦ ਰਫ਼ੀ, ਦਿਲਰਾਜ ਕੌਰ, ਸੁਰਿੰਦਰ ਕੋਹਲੀ) ਤੇ 'ਓ ਤੈਨੂੰ ਦਿਲ ਦੇ ਵਿਚ ਵਸਾਇਆ ਏ ਪਰ ਤੂੰ ਕੀ ਜਾਣੇਂ' (ਸੁਰਿੰਦਰ ਕੋਹਲੀ) ਆਦਿ ਬੜੇ ਹਿੱਟ ਹੋਏ। ਬੇਸ਼ੱਕ ਇਸ ਦੌਰ 'ਚ ਵਰਿੰਦਰ ਤੇ ਸਤੀਸ਼ ਕੌਲ ਵੀ ਬਤੌਰ ਹੀਰੋ ਦਰਸ਼ਕਾਂ ਦੇ ਮਨਾਂ 'ਤੇ ਛਾਏ ਹੋਏ ਸਨ, ਪਰ ਧੀਰਜ ਕੁਮਾਰ ਆਪਣੀ ਅਦਾਕਾਰੀ ਦੇ ਵੱਖਰੇ ਫ਼ਨ ਨਾਲ ਅਲੱਗ ਪਛਾਣ ਰੱਖਦੇ ਸਨ। ਸੀਤਲ ਮੂਵੀਜ਼,




ਬੰਬੇ ਦੀ ਕੈਲਾਸ਼ ਭੰਡਾਰੀ ਨਿਰਦੇਸ਼ਿਤ ਫ਼ਿਲਮ 'ਸੈਹਤੀ ਮੁਰਾਦ' (1979) 'ਚ ਉਸਨੇ 'ਮੁਰਾਦ' ਦਾ ਅਤੇ ਅਦਾਕਾਰਾ ਗੀਟਾ ਹਕਸਰ (ਧੀ ਮਨੋਰਮਾ) 'ਸਹਿਤੀ' ਦਾ ਪਾਤਰ ਨਿਭਾ ਰਹੀ ਸੀ। ਰਾਜ ਸੋਨਿਕ ਦੇ ਸੰਗੀਤ 'ਚ ਧੀਰਜ ਕੁਮਾਰ ਤੇ ਗੀਟਾ ਹਕਸਰ 'ਤੇ ਫ਼ਿਲਮਾਇਆ ਰੁਮਾਨੀ ਗੀਤ 'ਓ ਐਨੀ ਗੱਲ ਤੋਂ ਗੁਲਾਬੀ ਗੱਲ੍ਹਾਂ ਹੋ ਗਈਆਂ ਤੇ ਖਿੜ ਕੇ ਤੂੰ ਫੁੱਲ ਹੋ ਗਈਂ' ਵੀ ਬੜਾ ਹਿੱਟ ਹੋਇਆ। ਲੁਧਿਆਣਾ ਫ਼ਿਲਮਜ਼, ਲੁਧਿਆਣਾ ਦੀ ਧਰਮ ਕੁਮਾਰ ਨਿਰਦੇਸ਼ਿਤ ਫ਼ਿਲਮ 'ਸੁਖੀ ਪਰਿਵਾਰ' (1979) 'ਚ ਉਸਨੇ ਸ਼ਰਾਬੀ ਤੇ ਆਯਾਸ਼ 'ਕੁਮਾਰ' ਨਾਮੀਂ ਪਾਰਟ ਅਦਾ ਕੀਤਾ। ਐੱਸ. ਮੋਹਿੰਦਰ ਦੇ ਸੰਗੀਤ 'ਚ ਧੀਰਜ ਤੇ ਜ਼ਾਹਿਰਾ 'ਤੇ ਫ਼ਿਲਮਾਇਆ ਗਿਆ 'ਤੇਰੇ ਰੂਪ ਓ ਮੇਰਾ ਪਿਆਰ ਕਰਨ ਨੂੰ ਕਰਦਾ ਏ ਜੀਅ' ਗੀਤ ਵੀ ਪਸੰਦ ਕੀਤਾ ਗਿਆ। ਸ਼ਿਵ ਸ਼ਕਤੀ ਵਿਸ਼ਾਲ ਕਲਾ ਮੰਦਿਰ, ਬੰਬੇ ਦੀ ਕਾਮੇਡੀਅਨ ਸਤਪਾਲ ਨਿਰਦੇਸ਼ਿਤ 'ਚੋਰਾਂ ਨੂੰ ਮੋਰ' (1980) 'ਚ ਉਸਨੇ 'ਸ਼ਾਮੂ' ਦਾ ਅਤੇ ਹੀਰੋਇਨ ਪਦਮਿਨੀ ਕਪਿਲਾ 'ਬਚਨੀ' ਦੇ ਕਿਰਦਾਰ ਨਿਭਾ ਰਹੀ ਸੀ। ਪੰਡਤ ਹੇਮਰਾਜ ਦੇ ਸੰਗੀਤ 'ਚ ਧੀਰਜ ਕੁਮਾਰ 'ਤੇ ਫ਼ਿਲਮਾਏ ਗੀਤ 'ਬੱਲੇ ਨੀਂ ਇਹ ਨਖਰੇ ਵਾਲੀ ਕੁੜੀ' (ਮੁਹੰਮਦ ਰਫ਼ੀ, ਦਿਲਰਾਜ ਕੌਰ) ਅਤੇ ਭੰਗੜਾ ਗੀਤ 'ਤੂਤੀ ਸੱਚ ਦੀ ਬੋਲਦੀ ਸਾਰੇ ਕਿ ਝੂਠਿਆਂ ਨੂੰ ਕੌਣ ਪੁੱਛਦਾ' (ਮੁਹੰਮਦ ਰਫ਼ੀ, ਚਤੁਰਸੈਨ) ਖ਼ੂਬ ਚੱਲੇ। ਇਸ ਫ਼ਿਲਮ ਦਾ ਐੱਲ. ਪੀ. ਰਿਕਾਰਡ 'ਗੁੰਝਲਾਂ' ਦੇ ਨਾਮ ਨਾਲ ਜਾਰੀ ਹੋਇਆ ਸੀ। ਡੀ. ਜੇ. ਫ਼ਿਲਮਜ਼, ਬੰਬੇ ਦੀ ਧਰਮ ਕੁਮਾਰ ਨਿਰਦੇਸ਼ਿਤ ਫ਼ਿਲਮ 'ਫ਼ੌਜੀ ਚਾਚਾ' (1980) 'ਚ ਧੀਰਜ ਨੇ 'ਸੂਰਜ' ਦਾ ਕਿਰਦਾਰ ਅਦਾ ਕੀਤਾ। ਐੱਸ. ਮੋਹਿੰਦਰ ਦੇ ਸੰਗੀਤ 'ਚ ਧੀਰਜ ਕੁਮਾਰ ਤੇ ਮਧੂਸ਼ਾਲਾ 'ਤੇ ਫ਼ਿਲਮਾਏ 'ਨਾ ਮੈਂ ਕਰਾਂ ਪਾਪ ਕੋਈ ਨਾ ਮੈਂ ਕਰਾਂ ਜਾਪ ਕੋਈ' (ਮੁਹੰਮਦ ਰਫ਼ੀ), 'ਏ-ਬੀ-ਸੀ-ਡੀ ਤੈਨੂੰ ਮੈਂ ਸਿਖਾਵਾਂ' (ਜਸਪਾਲ ਸਿੰਘ, ਆਸ਼ਾ ਭੋਸਲੇ) ਅਤੇ 'ਤੇਰੇ ਕੋਲ-ਕੋਲ ਸਦਾ ਰਹਿਣਾ' (ਮਹਿੰਦਰ ਕਪੂਰ, ਮੀਨੂੰ ਪੁਰਸ਼ੋਤਮ) ਗੀਤ ਬੜੇ ਹਿੱਟ ਹੋਏ। ਐੱਮ. ਜੇਯੂ. ਫ਼ਿਲਮਜ਼, ਬੰਬੇ ਦੀ ਸੁਭਾਸ਼ ਸੀ. ਭਾਖੜੀ ਨਿਰਦੇਸ਼ਿਤ ਫ਼ਿਲਮ 'ਗੋਰੀ ਦੀਆਂ ਝਾਂਜਰਾਂ' (1980) 'ਚ ਉਸਨੇ ਅਦਾਕਾਰਾ ਭਾਵਨਾ ਭੱਟ ਦੇ ਸਨਮੁੱਖ 'ਸੂਰਜ' ਨਾਮੀਂ ਪਾਰਟ ਅਦਾ ਕੀਤਾ। ਧੀਰਜ ਕੁਮਾਰ ਦੀ 12ਵੀਂ ਤੇ ਆਖ਼ਰੀ ਪੰਜਾਬੀ ਫ਼ਿਲਮ ਭਾਵਨਾ ਪਿਕਚਰਜ਼, ਬੰਬੇ ਦੀ 'ਚੰਨ ਮੇਰਾ ਮਾਹੀ' (1987) ਸੀ। ਕੇ. ਐੱਲ ਗੁਪਤਾ ਦੀ ਫ਼ਿਲਮਸਾਜ਼ੀ ਅਤੇ ਸੁਭਾਸ਼ ਸੀ. ਭਾਖੜੀ ਦੀ ਹਿਦਾਇਤਕਾਰੀ 'ਚ ਰਿਲੀਜ਼ਸ਼ੁਦਾ ਇਸ ਫ਼ਿਲਮ 'ਚ ਉਸਨੇ 'ਰਾਜਿੰਦਰ' ਨਾਮੀਂ ਭੂਮਿਕਾ ਨਿਭਾਈ, ਜਿਸਦੇ ਰੂਬਰੂ ਅਦਾਕਾਰਾ ਮੀਨਾ ਰਾਏ ਮੌਜੂਦ ਸੀ। ਕਮਲ ਰਾਜਸਥਾਨੀ ਦੀ ਤਰਤੀਬ ਮੌਸੀਕੀ 'ਚ ਧੀਰਜ ਤੇ ਮੀਨਾ ਰਾਏ 'ਤੇ ਫ਼ਿਲਮਾਏ ਗੀਤ 'ਅੱਜ ਦੀ ਮਿਹਨਤ ਦੇਸ਼ ਦੀ ਸੋਨੇ ਦੀ ਚਿੜੀਆਂ' (ਮਹਿੰਦਰ ਕਪੂਰ) ਤੇ 'ਤੇਰੇ ਬਿਨਾਂ ਮੇਰੇ ਗੀਤ ਨਾ ਪੂਰੇ' (ਸਵਿਤਾ ਸੁਮਨ, ਅਨਵਰ) ਵੀ ਬੜੇ ਪਸੰਦ ਕੀਤੇ ਗਏ। ਉਸਨੇ 12 ਪੰਜਾਬੀ ਫ਼ਿਲਮਾਂ 'ਚ ਹੀਰੋ ਦੇ ਕਿਰਦਾਰ ਨਿਭਾਉਣ ਦੇ ਨਾਲ-ਨਾਲ 55 ਦੇ ਕਰੀਬ ਹਿੰਦੀ ਫ਼ਿਲਮਾਂ 'ਚ ਹੀਰੋ ਤੇ ਸਹਾਇਕ ਹੀਰੋ ਦੇ ਕਿਰਦਾਰ ਨਿਭਾਏ। ਸ਼ਰਤ ਚੰਦਰ ਚੈਟਰਜੀ ਦੇ ਨਾਵਲ 'ਤੇ ਆਧਾਰਿਤ ਜਯਸਾਰਥੀ ਕੰਬਾਇਨ ਦੀ ਪਹਿਲੀ ਹਿੰਦੀ ਫ਼ਿਲਮ 'ਸਵਾਮੀ' (1977) 'ਚ ਉਸਨੇ 'ਨਿਖਿਲ' ਨਾਮੀਂ ਪਾਤਰ ਅਦਾ ਕੀਤਾ। ਰਾਜੇਸ਼ ਰੌਸ਼ਨ ਦੇ ਸੰਗੀਤ 'ਚ ਅਮਿਤ ਖੰਨਾ ਦਾ ਲਿਖਿਆ ਤੇ ਧੀਰਜ ਕੁਮਾਰ 'ਤੇ ਫ਼ਿਲਮਾਇਆ ਕਲਾਸਿਕ ਗੀਤ 'ਕਾ ਕਰੂੰ ਸਜਨੀ ਆਏ ਨਾ ਬਾਲਮ' (ਯੇਸੂਦਾਸ) ਅੱਜ ਵੀ ਸੰਗੀਤ-ਸ਼ੌਕੀਨ ਬੜੀ ਰੂਹ ਨਾਲ ਸੁਣਦੇ ਹਨ। ਉਸਨੇ 1984 'ਚ ਬੰਬਈ ਵਿਚ ਆਪਣੀ ਜ਼ਾਤੀ ਪ੍ਰੋਡਕਸ਼ਨ ਕੰਪਨੀ 'ਕ੍ਰੀਏਟਿਵ ਆਈ ਲਿਮਟਿਡ' ਦੀ ਸਥਾਪਨਾ ਕੀਤੀ, ਜਿਸਦੇ ਅੱਜ ਉਹ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਹਨ। ਉਸਨੇ ਬਤੌਰ ਨਿਰਮਾਤਾ ਪਹਿਲਾ ਟੈਲੀਵਿਜ਼ਨ ਲੜੀਵਾਰ 'ਕਹਾਂ ਗਏ ਵੋਹ ਲੋਗ' (1985) ਬਣਾਇਆ ਜਿਸਦਾ ਪ੍ਰਸਾਰਣ ਦੂਰਦਰਸ਼ਨ 'ਤੇ ਕਿਸ਼ਤਵਾਰ ਹੁੰਦਾ ਰਿਹਾ। 1986-87 ਵਿਚ ਬਤੌਰ ਡਾਇਰੈਕਟਰ 'ਅਦਾਲਤ' ਲੜੀਵਾਰ ਬਣਾਇਆ। ਫਿਰ ਉਨ੍ਹਾਂ ਨੇ ਡੀ. ਡੀ. ਨੈਸ਼ਨਲ ਲਈ 'ਆਗੇ-ਆਗੇ ਦੇਖੋ ਹੋਤਾ ਹੈ ਕਯਾ' (1987), 'ਸੰਸਾਰ' (1993), 'ਰੰਗੋਲੀ' (1995), 'ਚਿੱਤਰਹਾਰ' (1995), 'ਓਮ ਨਮਹੋ ਸ਼ਿਵਾਏ' (1997), 'ਧੂਪ ਛਾਂਵ' (1999), 'ਜਾਨੇ ਅਨਜਾਨੇ', 'ਘਰ ਸੰਸਾਰ' (2001) ਆਦਿ ਬਣਾਏ। ਪ੍ਰਾਈਵੇਟ ਚੈਨਲ ਸੋਨੀ ਟੀਵੀ ਲਈ 'ਸ੍ਰੀ ਗਣੇਸ਼' (2000), ਹੰਗਾਮਾ ਟੀਵੀ ਲਈ 'ਪੋਆਵਨ', 'ਕਯਾ ਮੁਝਸੇ ਦੋਸਤੀ ਕਰੋਗੇ' (2004), ਸਟਾਰ ਵਨ ਲਈ 'ਹੇ ਯਹੀ ਤੋ ਹੈ ਵੋਹ', 'ਓਮ ਨਮਹੋ ਨਰਾਯਣ' (2004-05) ਆਦਿ ਤੋਂ ਇਲਾਵਾ ਉਸਨੇ ਸਹਾਰਾ ਵਨ, ਸਟਾਰ ਪਲੱਸ, ਜ਼ੀ ਟੀਵੀ, 9 ਐਕਸ, ਕਲਰਜ਼ ਟੀਵੀ, ਸਬ ਟੀਵੀ, ਬਿੱਗ ਮੈਜਿਕ ਆਦਿ ਲਈ ਸੀਰੀਅਲ, ਵੀਡੀਓ ਫ਼ਿਲਮ ਅਤੇ ਸ਼ੋਅ ਤਾਮੀਰ ਕਰਕੇ ਨਾਮ, ਸ਼ੋਹਰਤ ਅਤੇ ਦੌਲਤ ਕਮਾਈ। ਧਾਰਮਿਕ ਆਸਥਾ ਵਾਲੇ ਧੀਰਜ ਕੁਮਾਰ ਅੱਜ 73 ਸਾਲ ਦੀ ਉਮਰ ਵਿਚ ਵੀ ਜਵਾਨ ਲੱਗਦੇ ਹਨ ਅਤੇ ਆਪਣੇ ਕੰਮ ਜੋਸ਼-ਓ-ਖ਼ਰੋਸ਼ ਨਾਲ ਕਰ ਰਹੇ ਹਨ।

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™

With the support of
BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.

J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

**Quality Work, Free Estimates**
**Best Price**

**Sarbjit: 604.841.9849**

SKY BLUE DRYWALL LTD.
Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com

# ਮਿੰਨੀ ਕਹਾਣੀਆਂ

## ਨੀਂਦ

ਐਤਵਾਰ ਦਾ ਛੁੱਟੀ ਵਾਲਾ ਦਿਨ ਸੀ। ਸਮੇਂ ਸਿਰ ਉੱਠਣ ਦੀ ਕੋਈ ਕਾਹਲੀ ਨਹੀਂ ਸੀ। ਮੈਂ ਹਾਲੇ ਨੀਂਦ 'ਚ ਹੀ ਸੀ ਕਿ ਫ਼ੋਨ ਦੀ ਘੰਟੀ ਖੜਕੀ। ਪਿੰਡੋਂ ਜ਼ਮੀਨ ਠੇਕੇ 'ਤੇ ਲੈਣ ਵਾਲੇ ਕਿਸਾਨ ਦਾ ਫ਼ੋਨ ਸੀ, "ਸਤਿ ਸ੍ਰੀ ਅਕਾਲ ਜੀ। ਸੁੱਤੇ ਪਏ ਓ ਹਾਲੇ?" ਮੇਰੀ ਨੀਂਦ ਭਰੀ ਆਵਾਜ਼ ਤੋਂ ਅੰਦਾਜ਼ਾ ਲਗਾਉਂਦਿਆਂ ਉਸ ਨੇ ਕਿਹਾ। "ਨਹੀਂ ਨਹੀਂ ਸੁੱਤਾ ਤਾਂ ਕਾਹਨੂੰ ਆਂ," ਮੈਂ ਗੱਲ ਜਿਹੀ ਟਾਲਦਿਆਂ ਉਸ ਨੂੰ ਫੋਨ ਕਰਨ ਦਾ ਕਾਰਨ ਪੁੱਛਿਆ, "ਤੂੰ ਸੁਣਾ ਫ਼ੋਨ ਕਿਵੇਂ ਕੀਤਾ ਸੀ?" "ਮੈਂ ਤਾਂ ਇਉਂ ਕਹਿੰਦਾ ਸੀ ਬਈ ਉੱਪਰਲੇ ਖੇਤ 'ਚ ਜਿਹੜੇ ਟਾਹਲੀ ਤੇ ਡੇਕ ਨੇ ਇਹ ਝੋਨਾ ਲਾਉਣ ਵੇਲੇ ਬੜਾ ਅੜਿੱਕਾ ਲਾਉਂਦੇ ਨੇ। ਟਰੈਕਟਰ ਨ੍ਹੀਂ ਮੁੜਦਾ ਕੱਦੂ ਕਰਨ ਵੇਲੇ। ਇਹ ਵਢਾ ਈ ਦਿਉ ਵਾਢ ਵਾਲਿਆਂ ਤੋਂ। ਜੇ ਕਹੋ ਤਾਂ ਮੈਂ ਪਿੰਡ ਪੁੱਛ ਲੈਨਾਂ ਕਿਸੇ ਵਾਢ ਵਾਲੇ ਨੂੰ।" ਉਸ ਦੀਆਂ ਗੱਲਾਂ ਸੁਣ ਕੇ ਮੈਨੂੰ ਲੱਗ ਰਿਹਾ ਸੀ ਜਿਵੇਂ ਮੈਂ ਇਕੱਲਾ ਹੀ ਨੀਂਦ ਵਿਚ ਨਹੀਂ, ਵਾਤਾਵਰਨ ਦੀ ਸੰਭਾਲ ਪੱਖੋਂ ਆਪਾਂ ਸਾਰੇ ਹੀ ਨੀਂਦ 'ਚ ਹਾਂ।

—ਬਿੰਦਰ ਸਿੰਘ ਖੁੱਡੀ ਕਲਾਂ

## ਅਮੀਰੀ

"ਪਾਪਾ! ਵੱਡੀ ਕੋਠੀ ਵਾਲਿਆਂ ਦੀ ਸਿਮਰਨ ਕਿਹੋ ਜਿਹੀ ਐ।"



"ਕਿਉਂ, ਕੀ ਹੋਇਆ ਪੁੱਤਰ?"

"ਸਾਡੇ ਨਾਲ ਕਦੇ ਨਹੀਂ ਖੇਡਦੀ। ਜੇ ਅਸੀਂ ਖੇਡਣ ਨੂੰ ਕਹੀਏ ਤਾਂ ਕਹਿੰਦੀ ਐ ਮੈਂ ਨਹੀਂ ਖੇਡਦੀ ਡਸਟ ਉੱਡਦੀ ਐ। ਕਦੇ-ਕਦੇ ਕਹਿੰਦੀ ਐ ਸਾਡੇ ਕੋਲ ਤਿੰਨ ਕਾਰਾਂ ਨੇ। ਪਾਪਾ, ਪਤੈ ਉਹਦਾ ਅਪਣਾ ਅਲੱਗ ਕਮਰਾ ਐ ਮੈਂ ਇਕ ਦਿਨ ਗਈ ਸੀ ਉਹਦੇ ਘਰ ਸੱਚੀਂ, ਕਿੱਡਾ ਵੱਡਾ ਘਰ ਸੀ ਉਹਦੇ ਕਮਰੇ ਵਿਚ ਕੰਪਿਊਟਰ ਵੀ ਸੀ ਤੇ ਸੱਚੀਂ ਬਹੁਤ ਸਾਰੇ ਖਿਡੌਣੇ। ਸੜੀ ਜਿਹੀ ਮੈਨੂੰ ਕਹਿੰਦੀ, ਮੇਰੇ ਟੁਆਇਜ਼ ਨੂੰ ਹੱਥ ਨਾ ਲਾਈਂ। ਪਾਪਾ, ਸਿਮਰਨ ਕੇ ਬਹੁਤ ਅਮੀਰ ਨੇ? ਪਰ ਪਾਪਾ, ਕੋਈ ਤਾਂ ਐਸੀ ਚੀਜ਼ ਹੋਵੇਗਾ ਨਾ ਜਿਹੜੀ ਸਿਰਫ਼ ਸਾਡੇ ਕੋਲ ਹੀ ਹੋਵੇ ਪਰ ਸਿਮਰਨ ਕਿਆਂ ਕੋਲ ਨਾ ਹੋਵੇ? ਦੱਸੋ ਨਾ ਐਹੋ ਜਿਹੀ ਕਿਹੜੀ ਚੀਜ਼ ਐ ਜਿਹੜੀ ਸਾਡੇ ਕੋਲ ਹੈ, ਪਰ ਸਿਮਰਨ ਕਿਆਂ ਕੋਲ ਨਹੀਂ? ਫਿਰ ਮੈਂ ਵੀ ਕੱਲ੍ਹ ਨੂੰ ਉਹਦੀ ਝੋ-ਝੋ ਕਰੂੰਗੀ।" ਮੰਜੀ 'ਤੇ ਪਈ ਦਸ ਸਾਲ ਦੀ ਰਮਨ ਨੇ ਛੋਟੇ-ਛੋਟੇ ਹੱਥਾਂ ਨਾਲ ਰਾਮਪਾਲ ਦਾ ਮੂੰਹ ਆਪਣੇ ਵੱਲ ਕਰਦਿਆਂ ਪੁੱਛਿਆ।

"ਹਾਂ ਪੁੱਤ, ਹੈ ਨਾ ਓਹ ਵੇਖ ਆਪਣੇ ਕੋਲ ਕਿੰਨੇ ਤਾਰੇ ਨੇ ਚੰਦਾ ਮਾਮਾ ਵੀ ਐ।" ਰਾਮਪਾਲ ਨੇ ਅੱਖਾਂ ਬੰਦ ਕਰਕੇ ਡੂੰਘਾ ਹਾਉਕਾ ਭਰ ਕੇ ਕਿਹਾ। "ਸੱਚੀਂ ਪਾਪਾ! ਚੰਦਾ ਮਾਮਾ ਤੇ ਐਨੇ ਤਾਰੇ ਸਿਰਫ਼ ਆਪਣੇ ਘਰ ਹੀ ਆਉਂਦੇ ਨੇ ਝੋ-ਝੋ ਸਿਮਰਨ ਕੀ ਕੋਠੀ ਵਿਚੋਂ ਦਿਸਦੇ ਹੀ ਨਹੀਂ।" ਇਹ ਕਹਿੰਦਿਆਂ ਹੀ ਰਮਨ ਦੀਆਂ ਅੱਖਾਂ ਵਿਚ ਅਜੀਬ ਜਿਹੀ ਚਮਕ ਆ ਗਈ।

—ਪ੍ਰਦੀਪ ਕੌੜਾ

## ਅਪਣੱਤ

ਕਿਸੇ ਸਾਥੀ ਨਾਲ ਇਕ ਵਾਰ ਫ਼ੌਜੀ ਕੰਟੀਨ ਜਾਣਾ ਪਿਆ ਤਾਂ ਉੱਥੇ ਘਰੇਲੂ ਸਾਮਾਨ ਲੈਣ ਵਾਲਿਆਂ ਦੀ ਕਾਫ਼ੀ ਭੀੜ ਸੀ। ਇਕ ਔਰਤ ਜੋ ਦੇਖਣ ਤੋਂ ਆਪਣੇ ਧਰਮ 'ਚ ਕਾਫ਼ੀ ਪਰਪੱਕ ਲੱਗਦੀ ਸੀ ਉਹ ਵੀ ਸਾਮਾਨ ਲੈਣ ਵਾਲਿਆਂ ਦੀ ਕਤਾਰ 'ਚ ਸ਼ਾਮਲ ਸੀ। ਉਸ ਨੇ ਕੰਟੀਨ ਇੰਚਾਰਜ ਤੋਂ ਪਤਾ ਕਰਨ ਦੇ ਮੰਤਵ ਨਾਲ ਪੁੱਛਿਆ ਕਿ ਕੀ ਕੰਟੀਨ 'ਚ ਸਾਮਾਨ ਹੈ? ਇੰਚਾਰਜ ਨੇ ਦੱਸਿਆ ਕਿ ਸਮਾਨ ਤਾਂ ਨਹੀਂ ਹੈ। "ਹੋਰ ਕੀ ਹੈ?" ਔਰਤ ਨੇ ਫਿਰ ਸੁਆਲ ਕੀਤਾ। "ਸ਼ਰਾਬ ਹੈ, ਉਹ ਲੈ ਜੋ।" "ਸ਼ਰਾਬ ਮੈਂ ਸਿਰ 'ਚ ਮਾਰਨੀ ਹੈ।" ਇਹ ਕਹਿ ਕੇ ਉਹ ਲਾਈਨ 'ਚੋਂ ਬਾਹਰ ਹੋ ਗਈ। ਕੋਲ ਹੀ ਖੜ੍ਹਾ ਇਕ ਸਾਬਕਾ ਫ਼ੌਜੀ ਇਹ ਗੱਲਬਾਤ ਸੁਣ ਰਿਹਾ ਸੀ, ਉਸ ਨੇ ਕਿਹਾ, "ਭੈਣ ਜੀ, ਜੇ ਤੁਸੀਂ ਸ਼ਰਾਬ ਨਹੀਂ ਲੈਣੀ ਤਾਂ ਕਾਰਡ ਮੈਨੂੰ ਦੇ ਦਿਉ। ਮੈਂ ਲੈ ਲੈਂਦਾ ਹਾਂ। ਕਿਉਂ, ਤੈਨੂੰ ਕਿਉਂ ਦੇਵਾਂ? ਮੇਰਾ ਭਤੀਜਾ ਪੀਊਗਾ, ਮੇਰਾ ਭਾਣਜਾ ਵੀ ਪੀ ਲੈਂਦਾ।" ਔਰਤ ਦਾ ਜੁਆਬ ਸੀ।

—ਸਰਬਜੀਤ ਸਿੰਘ ਹੇਰਾਂ

## ਕਹਿਣੀ ਤੇ ਕਰਨੀ

ਨੇਤਾ ਜੀ ਚੋਣ ਜਲਸੇ ਨੂੰ ਸੰਬੋਧਨ ਕਰ ਰਹੇ ਸਨ। ਉਹ ਭਾਸ਼ਣ ਦੇ ਰਹੇ ਸਨ: "ਪੰਜਾਬ ਦੀ ਜਵਾਨੀ ਨਸ਼ਿਆਂ ਨੇ ਖ਼ਤਮ ਕਰ 'ਤੀ। ਜੇ ਵੱਡੇ ਨਸ਼ਾ ਤਸਕਰਾਂ ਨੂੰ ਨੱਥ ਪਾਈ ਜਾਵੇ ਤਾਂ ਪੰਜਾਬ ਦੀ ਜਵਾਨੀ ਬਚ ਸਕਦੀ ਐ।" ਨੇਤਾ ਜੀ ਭਾਸ਼ਣ ਦੇ ਕੇ ਕੁਰਸੀ 'ਤੇ ਬਿਰਾਜਮਾਨ ਹੋਏ ਹੀ ਸਨ ਕਿ ਨਸ਼ਾ ਤਸਕਰ ਦਾ ਫੋਨ ਆ ਗਿਆ ਜਿਸ ਉੱਤੇ ਪੁਲੀਸ ਨੇ ਛਾਪਾ ਮਾਰਿਆ ਸੀ। ਹੁਣ ਨੇਤਾ ਜੀ ਨਸ਼ਾ ਤਸਕਰ ਨੂੰ ਬਚਾਉਣ ਲਈ ਸੰਬੰਧਿਤ ਐੱਸਐੱਚਓ ਨੂੰ ਕਾਲ ਕਰਨ 'ਚ ਰੁੱਝ ਗਏ।

—ਜਗਤਾਰ ਰਤਨ ਭਾਈਰੂਪਾ

## ਵਿਹਲਾ

ਕਈ ਦਿਨਾਂ ਤੋਂ ਸੋਚ ਰਿਹਾ ਸੀ, ਛੁੱਟੀਆਂ ਹੋਣਗੀਆਂ ਤਾਂ ਰੋਜ਼ਾਨਾ ਦੇ ਕੰਮ ਕਾਰ ਤੋਂ ਰਾਹਤ ਮਿਲੇਗੀ। ਸਾਰਾ ਦਿਨ ਪਹਿਲਾਂ ਸਕੂਲ ਅਤੇ ਫਿਰ ਘਰ ਦੇ ਕੰਮ ਕਰਦਿਆਂ ਕਰਦਿਆਂ ਥੱਕ ਗਿਆ ਸੀ। ਸਵੇਰੇ ਉੱਠਦੇ ਸਾਰ ਦੌੜ-ਭੱਜ ਸ਼ੁਰੂ ਹੋ ਜਾਂਦੀ ਹੈ। ਹੁਣ ਰਾਹਤ ਮਿਲੇਗੀ। ਮਰਜ਼ੀ ਨਾਲ ਸੌਂਵਾਂਗੇ, ਮਰਜ਼ੀ ਨਾਲ ਉੱਠਾਂਗੇ।



ਛੁੱਟੀਆਂ ਦਾ ਪਹਿਲਾ ਦਿਨ ਸੀ। ਕੁਝ ਲੇਟ ਉੱਠਣ ਨਾਲ ਵੱਖਰਾ ਮਹਿਸੂਸ ਹੋ ਰਿਹਾ ਸੀ। ਬੱਚੇ ਕਈ ਦਿਨਾਂ ਤੋਂ ਨਾਨਕੇ ਜਾਣ ਲਈ ਉਤਾਵਲੇ ਸਨ। ਪਤਨੀ ਨੇ ਵੀ ਤਿਆਰੀ ਕਰ ਲਈ ਸੀ। ਸਾਮਾਨ ਬੰਨ੍ਹਿਆ ਅਤੇ ਮੈਂ ਉਨ੍ਹਾਂ ਨੂੰ ਬੱਸ ਚੜ੍ਹਾ ਆਇਆ। ਹੁਣ ਲੱਗ ਰਿਹਾ ਸੀ ਕਿ ਹੋ ਗਏ ਵਿਹਲੇ। ਬੱਸ ਸਟੈਂਡ ਤੋਂ ਵਾਪਸ ਆਉਂਦੇ ਹੋਏ ਮਨ ਵਿਚ ਛੁੱਟੀਆਂ ਲਈ ਵਿਚਾਰ ਚੱਲ ਰਹੇ ਸਨ।

ਹੁਣ ਘਰ ਵਿਚ ਅਸੀਂ ਦੋਵੇਂ- ਮੈਂ ਅਤੇ ਮਾਤਾ ਜੀ- ਹੀ ਸਾਂ। ਮਾਤਾ ਜੀ ਜ਼ਿਆਦਾਤਰ ਆਪਣੇ ਸਿਲਾਈ ਦੇ ਕੰਮ ਵਿਚ ਮਗਨ ਰਹਿੰਦੇ ਹਨ। ਸ਼ਾਮ ਹੋਣ ਤਕ ਛੁੱਟੀ ਦਾ ਵਧੀਆ ਆਨੰਦ ਲਿਆ। ਸ਼ਾਮ ਨੂੰ ਰੋਟੀ ਖਾਣ ਬੈਠੇ ਤਾਂ ਲੱਗਿਆ ਜਿਵੇਂ ਰੋਟੀ ਦੀ ਭੁੱਖ ਹੀ ਨਹੀਂ। ਇਕ ਰੋਟੀ ਵੀ ਖਾਣੀ ਬਹੁਤ ਜ਼ਿਆਦਾ ਲੱਗ ਰਹੀ ਸੀ। ਜੇ ਬੱਚੇ ਘਰ ਹੁੰਦੇ ਤਾਂ ਉਨ੍ਹਾਂ ਹੀ ਰੌਲਾ ਪਾ ਦੇਣਾ ਸੀ। ਬੇਟੀ ਨੇ ਤੋਤਲੀ ਜ਼ੁਬਾਨ ਵਿਚ ਕਹਿਣਾ ਸੀ, "ਪਾਪਾ ਵੀਰਾ ਮਾਰਦਾ ਏ"। ਬੇਟੇ ਨੇ ਜਵਾਬੀ ਕਾਰਵਾਈ ਕਰਦਿਆਂ ਕਹਿਣਾ ਸੀ, "ਪਾਪਾ ਪਹਿਲਾਂ ਇਹਨੇ ਮਾਰਿਆ ਸੀ"। ਫਿਰ "ਮੇਰੇ ਪਾਪਾ ਨੇ", "ਮੈਂ ਪਾਪਾ ਕੋਲ ਬੈਠਣਾ ਏ", "ਮੈਂ ਇਸ ਗਿਲਾਸ ਵਿਚ ਪਾਣੀ ਪੀਣਾ ਹੈ" ਕਹਿੰਦਿਆਂ ਲੜਾਈ ਸ਼ੁਰੂ। ਉਨ੍ਹਾਂ ਨੂੰ ਹਟਾਉਂਦਿਆਂ ਅਤੇ ਰੋਟੀ ਖਵਾਉਂਦਿਆਂ ਪਤਾ ਹੀ ਨਹੀਂ ਲੱਗਣਾ ਸੀ ਕਦੋਂ, ਕਿੰਨੀ ਅਤੇ ਕਿਵੇਂ ਰੋਟੀ ਖਾਧੀ ਗਈ। "ਹੋਰ ਰੋਟੀ ਲੈਣੀ ਏ ਪੁੱਤ?" ਮਾਤਾ ਜੀ ਨੇ ਮੈਨੂੰ ਪੁੱਛਿਆ। ਮੈਂ ਨਾਂਹ ਵਿਚ ਸਿਰ ਮਾਰ ਦਿੱਤਾ। ਕ੍ਰਿਕਟ ਦਾ ਵਿਸ਼ਵ ਕੱਪ ਚੱਲ ਰਿਹਾ ਹੋਣ ਕਾਰਨ ਰਾਤ ਨੂੰ ਸੌਣ ਤੋਂ ਪਹਿਲਾਂ ਮੈਂ ਟੀਵੀ ਵੇਖਣ ਬੈਠ ਗਿਆ। ਚੈਨਲ ਲੱਭਦੇ ਲੱਭਦੇ ਕਾਰਟੂਨ ਚੈਨਲ ਆ ਗਿਆ। ਮੇਰਾ ਬੇਟਾ ਆਪਣੀ ਦਾਦੀ, ਮਾਤਾ, ਪਾਪਾ, ਕਿਸੇ ਨਾਲ ਵੀ ਕਾਰਟੂਨ ਵੇਖਣ ਲਈ ਲੜਾਈ ਕਰ ਸਕਦਾ ਜਾਂ ਫਿਰ ਗੁੱਸੇ ਹੋ ਸਕਦਾ ਸੀ। ਪਰ ਹੁਣ ਮੈਂ ਕੋਈ ਵੀ ਪ੍ਰੋਗਰਾਮ ਵੇਖ ਸਕਦਾ ਸੀ।

ਛੁੱਟੀਆਂ ਦਾ ਤੀਜਾ ਦਿਨ ਸੀ। ਮੈਂ ਫੋਨ ਵਿਚ ਨੰਬਰ ਕੱਢ ਕੇ ਫੋਨ ਮਿਲਾਇਆ। "ਹਾਂ ਜੀ, ਕਿਵੇਂ ਹੋ?" ਪਤਨੀ ਦੀ ਨਰਮ ਆਵਾਜ਼ ਸੁਣ ਕੇ ਮਨ ਨੂੰ ਸਕੂਨ ਮਹਿਸੂਸ ਹੋਇਆ। "ਕਦੋਂ ਆਉਣਾ ਫਿਰ ਹੁਣ?" ਮੈਂ ਪੁੱਛਿਆ। "ਹਾਲੇ ਦੋ ਤਾਂ ਦਿਨ ਹੋਏ ਨੇ ਆਇਆਂ ਨੂੰ। ਰਹਾਂਗੇ ਚਾਰ ਪੰਜ ਦਿਨ ਤਾਂ।" "ਛੇਤੀ ਆ ਜੋ ਬਈ ਮੇਰਾ ਜੀਅ ਨਹੀਂ ਲੱਗਦਾ," ਮੇਰੇ ਮੂੰਹ ਵਿਚੋਂ ਆਪਮੁਹਾਰੇ ਨਿਕਲ ਗਿਆ।

—ਹਰਜੀਤ ਨਾਗੀ

## ਖੋਖਲਾਪਣ

ਰਮੇਸ਼ ਅਜੇ ਘਰ ਵੜਿਆ ਹੀ ਸੀ ਕਿ ਉਸ ਦਾ ਦਸ ਕੁ ਸਾਲਾ ਪੁੱਤਰ ਚਿੰਟੂ ਭੱਜ ਕੇ ਉਸ ਦੀਆਂ ਲੱਤਾਂ ਨਾਲ ਚਿੰਬੜ ਗਿਆ।

"ਆ ਪੁੱਤਰਾ," ਕਹਿ ਰਮੇਸ਼ ਨੇ ਉਸ ਨੂੰ ਗੋਦੀ ਚੁੱਕ ਲਿਆ। "ਪਾਪਾ ਪਾਪਾ, ਮੈਂ ਕੈਨੇਡਾ ਜਾਵਾਂਗਾ," ਇਹ ਕਹਿੰਦੇ ਹੋਏ ਚਿੰਟੂ ਦੀਆਂ ਅੱਖਾਂ ਵਿਚ ਚਮਕ ਸੀ। "ਅੱਛਾ ਤੂੰ ਕੈਨੇਡਾ ਜਾਵੇਂਗਾ! ਤੈਨੂੰ ਕਿਸ ਨੇ ਕਹਿ ਦਿੱਤੀ ਇਹ ਗੱਲ?" ਰਮੇਸ਼ ਨੇ ਝੂਠੀ-ਮੂਠੀ ਹੈਰਾਨ ਹੁੰਦੇ ਹੋਏ ਪਿਆਰ ਨਾਲ ਚਿੰਟੂ ਨੂੰ ਘੁੱਟ ਲਿਆ।

"ਪਾਪਾ, ਮੇਰਾ ਦੋਸਤ ਗੁਰਪ੍ਰਤਾਪ ਕਹਿੰਦਾ ਸੀ ਜਦੋਂ ਆਪਾਂ ਵੱਡੇ ਹੋ ਜਾਵਾਂਗੇ ਤਾਂ ਕੈਨੇਡਾ ਜਾਵਾਂਗੇ। ਉੱਥੇ ਉਸ ਦੇ ਦਾਦਾ ਦਾਦੀ ਤੇ



ਤਾਇਆ ਜੀ ਰਹਿੰਦੇ ਨੇ। ਉਹ ਜਦੋਂ ਜਾਵੇਗਾ ਮੈਨੂੰ ਆਪਣੇ ਨਾਲ ਲੈ ਕੇ ਜਾਵੇਗਾ। ਉਹ ਇਹ ਵੀ ਕਹਿੰਦਾ ਸੀ ਕਿ ਏਥੇ ਕਿਸੇ ਨੇ ਨਈਂ ਰਹਿਣਾ। ਸਭ ਨੇ ਬਾਹਰਲੇ ਦੇਸ਼ਾਂ 'ਚ ਚਲੇ ਜਾਣਾ ਹੈ।"

"ਕਿਉਂ ਨ੍ਹੀਂ ਰਹਿਣਾ ਏਥੇ ਕਿਸੇ ਨੇ?" ਰਮੇਸ਼ ਚਾਹੁੰਦਾ ਸੀ ਕਿ ਬੱਚਾ ਕੁਝ ਹੋਰ ਦੱਸੇ। "ਪਾਪਾ, ਗੁਰਪ੍ਰਤਾਪ ਕਹਿੰਦਾ ਸੀ ਕਿ ਏਥੇ ਆਪਾਂ ਨੂੰ ਕੋਈ ਕੰਮ ਨਹੀਂ ਮਿਲਣਾ। ਪੜ੍ਹਾਈ ਤੋਂ ਬਾਅਦ ਜਦੋਂ ਆਪਾਂ ਵੱਡੇ ਹੋ ਗਏ ਆਪਾਂ ਵੀ ਬਾਹਰ ਜਾ ਕੇ ਹੀ ਕੰਮ ਕਰਾਂਗੇ। ਇਸ ਲਈ ਪਾਪਾ ਆਪਾਂ ਨੂੰ ਕੈਨੇਡਾ ਹੀ ਜਾਣਾ ਪੈਣਾ।" ਆਪਣੀ ਗੱਲ ਦੱਸਦੇ ਚਿੰਟੂ ਦੇ ਮੂੰਹ 'ਤੇ ਵੱਡਿਆਂ ਵਰਗੀ ਸਿਆਣਪ ਜਿਹੀ ਆ ਗਈ ਸੀ।

"ਨਹੀਂ ਯਾਰ, "ਰਮੇਸ਼ ਨੇ ਚਿੰਟੂ ਨੂੰ ਗੋਦੀਓਂ ਉਤਾਰ ਦਿੱਤਾ। "ਇਹ ਆਪਣਾ ਦੇਸ਼ ਹੈ ਆਪਾਂ ਇੱਥੇ ਹੀ ਰਹਾਂਗੇ ਕੰਮ ਕਰਾਂਗੇ।" ਰਮੇਸ਼ ਨੇ ਇਹ ਗੱਲ ਕਹਿ ਤਾਂ ਦਿੱਤੀ ਸੀ, ਪਰ ਬੇਰੁਜ਼ਗਾਰੀ ਤੇ ਲੋਕਾਂ ਦੀ ਬਾਹਰ ਜਾਣ ਦੀ ਹੋੜ ਬਾਰੇ ਸੋਚਦਿਆਂ ਉਸ ਨੂੰ ਆਪਣੀ ਹੀ ਗੱਲ ਖੋਖਲੀ ਜਿਹੀ ਜਾਪੀ।

—ਵਿਵੇਕ

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

ਬਸੰਤ ਪੰਚਮੀ 'ਤੇ ਵਿਸ਼ੇਸ਼

# ਗੁ: ਛੇਹਰਟਾ ਸਾਹਿਬ ਦੀ ਬਸੰਤ ਪੰਚਮੀ ਦਾ ਇਤਿਹਾਸਕ ਪਿਛੋਕੜ



ਪ੍ਰੋ: ਨਿਰਮਲ ਸਿੰਘ ਰੰਧਾਵਾ
ਵੰਸ਼ਜ ਬਾਬਾ ਬੁੱਢਾ ਜੀ
9988066466


ਸੰਸਾਰ ਪ੍ਰਸਿੱਧ ਗੁਰਦੁਆਰਾ ਛੇਹਰਟਾ ਸਾਹਿਬ ਵਿਖੇ ਸ਼ਰਧਾ ਤੇ ਧੂਮ ਧਾਮ ਨਾਲ ਮਨਾਏ ਜਾਂਦੇ ਸਾਲਾਨਾ ਬਸੰਤ ਪੰਚਮੀ ਦੇ ਜੋੜ ਮੇਲੇ 'ਤੇ ਬਹੁਤ ਵੱਡੀ ਗਿਣਤੀ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਸ਼ਰਧਾਲੂ ਸੰਗਤਾਂ ਦਰਸ਼ਨ-ਇਸ਼ਨਾਨ ਕਰਕੇ ਜੀਵਨ ਸਫਲਾ ਕਰਦੀਆਂ ਹਨ। ਪੰਚਮ ਪਾਤਸ਼ਾਹ ਜੀ ਦੇ ਸਮੇਂ ਤੋਂ ਹੀ ਸੰਗਤਾਂ ਹਰੇਕ ਮਹੀਨੇ ਦੀ ਪੰਚਮੀ 'ਤੇ ਇਸ ਛੇ ਹਰਟਾ ਭਾਵ 6 ਮਾਹਲਾਂ ਵਾਲੇ ਖੂਹ 'ਤੇ ਆ ਕੇ ਦਰਸ਼ਨ-ਇਸ਼ਨਾਨ ਕਰਦੀਆਂ ਆ ਰਹੀਆਂ ਹਨ।

"ਚੌੜਾਈ ਵਿਚ ਬਹੁਤ ਵੱਡੇ ਆਕਾਰ ਦੇ ਛੇ ਮਾਹਲਾਂ ਵਾਲੇ ਖੂਹ ਦਾ ਨਿਰਮਾਣ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰੂ ਕੀ ਵਡਾਲੀ ਵਿਖੇ 1595 ਈ: ਨੂੰ ਪ੍ਰਕਾਸ਼ ਲੈਣ ਦੀ ਖੁਸ਼ੀ ਵਿਚ ਕਰਵਾਇਆ ਸੀ । ਇਸ ਖੂਹ 'ਤੇ 6 ਪਲਾਣੇ ਬਣਾਏ ਗਏ । ਹਰੇਕ ਪਲਾਣੇ 'ਤੇ ਦੋ ਬਲਦ ਜੋਏ ਜਾਂਦੇ ਸਨ ਸੋ 6 ਪਲਾਣਿਆਂ 'ਤੇ 12 ਬਲਦ ਜੋਅ ਕੇ ਮਿਟੀ ਦੀ ਪੱਕੀਆਂ ਟਿੰਡਾਂ ਰਾਹੀਂ ਇਕੋ ਖੂਹ ਵਿੱਚੋਂ ਵੱਖ ਵੱਖ ਛੇ ਪਾੜਛਿਆਂ ਵਿੱਚ ਜਲ ਬਾਹਰ ਆਕੇ ਖੇਤੀ ਨੂੰ ਸਿੰਝਣ, ਇਸ਼ਨਾਨ ਕਰਨ ਅਤੇ ਛੱਕਣ ਆਦਿ ਦੇ ਕੰਮ ਆਉਂਦਾ ਸੀ । ਸੰਸਾਰ ਦੇ ਇਤਿਹਾਸ ਵਿਚ ਇਹ ਕਰਾਮਾਤ ਪਹਿਲੀ ਵਾਰ ਵਾਪਰੀ ਕਿ ਗੁਰੂ ਜੀ ਨੇ ਖੇਤੀ ਨੂੰ ਸਿੰਝਣ ਲਈ ਇਕੋ ਖੂਹ 'ਤੇ ਛੇ ਮਾਹਲਾਂ (ਪਰਸ਼ੀਅਨ ਵੀਲ) ਚਲਾ ਦਿੱਤੀਆਂ । ਛੇ ਹਰਟਾਂ ਵਾਲੇ ਖੂਹ ਤੋਂ ਇਲਾਵਾ ਪੰਚਮ ਗੁਰੂ ਜੀ ਨੇ ਗੁਰੂ ਕੀ ਵਡਾਲੀ ਦੀ ਜੂਹ ਵਿਚ ਚਾਰ ਹੋਰ ਖੂਹਾਂ (ਦੋ ਹਰਟਾ, ਤਿੰਨ ਹਰਟਾ, ਚਾਰ ਹਰਟਾ ਅਤੇ ਪੰਜ ਹਰਟਾ) ਦੇ ਨਿਰਮਾਣ ਵੀ ਬਾਬਾ ਬੁੱਢਾ ਸਾਹਿਬ ਜੀ ਦੇ ਵੰਸ਼ਜ ਬਾਬਾ ਸਹਾਰੀ ਗੁਰੂ ਕਾ ਹਾਲੀ ਰੰਧਾਵਾ ਦੀ ਨਿਗਰਾਨੀ ਹੇਠ ਕਰਵਾਏ ਸਨ। ਗੁਰੂ ਜੀ ਅੰਮ੍ਰਿਤਸਰ ਵਾਪਿਸ ਜਾਣ ਤੋਂ ਪਹਿਲਾਂ ਬਾਬਾ ਜੀ ਨੂੰ ਪੰਜਾਂ ਖੂਹਾਂ ਦੀ ਜਮੀਨ ਦਾ ਮਾਲਕ ਬਣਾਕੇ 'ਗੁਰੂ ਕਾ ਹਾਲੀ' ਦਾ ਵਰ ਦੇਂਦੇ ਹੋਏ ਭਾਈ ਖਾਨ ਤੇ ਭਾਈ ਢੋਲ ਜੀ ਵਲੋਂ ਦਿੱਤੀ ਜਮੀਨ ਨੂੰ ਆਬਾਦ ਕਰਨ ਦਾ ਬਾਪੜਾ ਦੇਣ ਤੋਂ ਇਲਾਵਾ ਛੇਹਰਟਾ ਖੂਹ 'ਤੇ ਚਲਦੀਆਂ ਛੇ ਮਾਹਲਾਂ 'ਤੇ ਸੰਗਤਾਂ ਵੱਲੋਂ ਆਪਣੇ ਪਿੰਡਾਂ ਤੋਂ ਬਲਦਾਂ ਦੀਆਂ ਜੋੜੀਆਂ ਖੂਹ 'ਤੇ ਜੋਅ ਕੇ ਪਾਣੀ ਕੱਢਣ ਵਾਲੇ ਸ਼ਰਧਾਲੂਆਂ ਦੀਆਂ ਅਰਦਾਸਾਂ ਬੇਨਤੀਆਂ ਕਰਨ ਦੀ ਵੀ ਬਖਸ਼ਿਸ਼ ਕਰ ਗਏ ਸਨ । ਇਥੇ ਇਹ ਵਰਣਨਯੋਗ ਕਿ 1595 ਈ: ਵਿਚ ਇਸ ਇਲਾਕੇ 'ਚ ਔੜ ਕਾਰਨ ਪਾਣੀ ਦੀ ਬਹੁਤ ਘਾਟ ਸੀ । ਗੁਰੂ ਜੀ ਵਲੋਂ ਲਗਾਏ ਗਏ ਪੰਜਾਂ ਖੂਹਾਂ 'ਚ ਕਈ ਹਰਟੇ (ਅਸਲੀ ਸ਼ਬਦ 'ਰਹਟ') ਚਲਣ ਨਾਲ ਸਾਰੇ ਪਾਸੇ ਫਸਲਬਾੜੀ ਦੀਆਂ ਲਹਿਰਾਂ ਬਹਿਰਾਂ ਹੋ ਗਈਆਂ। ਛੇਹਰਟਾਂ ਵਾਲੇ ਖੂਹ ਦੇ ਨਾਮ 'ਤੇ ਹੀ ਕਸਬੇ ਦਾ ਨਾਮ 'ਛੇਹਰਟਾ' ਪਰਸਿਧ ਹੋ ਗਿਆ ਹੈ । ਯਾਦ ਰਹੇ ਕਿ ਬਾਬਾ ਬੁੱਢਾ ਸਾਹਿਬ ਜੀ ਦੀ ਵੰਸ਼ਜ ਬਾਬਾ ਸਹਾਰੀ ਗੁਰੂ ਕਾ ਹਾਲੀ ਰੰਧਾਵਾ ਦੀ ਚੌਥੀ ਪੀੜੀ ਬਾਬਾ ਬੁੱਧ ਸਿੰਘ ਰੰਧਾਵਾ ਵਲੋਂ ਛੇਹਰਟਾ ਅਤੇ ਪੰਜ ਹਰਟਾ ਖੂਹਾਂ ਦੀ ਜਮੀਨ ਸੰਗਤਾਂ ਦੀ ਸੇਵਾ ਹਿੱਤ ਲੋਹ ਲੰਗਰ ਦੇ ਨਾਮ ਕਰਨ ਕਰਕੇ ਇਨ੍ਹਾਂ ਦੋ ਖੂਹਾਂ ਦੀ ਜਮੀਨ ਦੀ ਸਾਂਭ ਸੰਭਾਲ ਲਈ ਲੋਕਲ ਕਮੇਟੀ ਹੋਂਦ ਵਿੱਚ ਆਈ । ਬਾਬਾ ਸਹਾਰੀ ਰੰਧਾਵਾ ਜੀ ਦੀ 9ਵੀਂ ਪੀੜੀ ਵਿਚੋਂ ਹੋਏ ਸੰਤ ਅਮਰੀਕ ਸਿੰਘ ਰੰਧਾਵਾ ਨੇ ਦੋ ਤਿੰਨ ਦਹਾਕੇ ਲੋਕਲ ਗੁ: ਪ੍ਰਬੰਧਕ ਕਮੇਟੀ ਛੇਹਰਟਾ ਸਾਹਿਬ ਵਿਖੇ ਬਤੌਰ ਮੈਨੇਜਰ ਯਾਦਗਾਰੀ ਸੇਵਾ ਨਿਭਾਅ ਕੇ ਇਲਾਕੇ ਵਿੱਚ ਜੱਸ ਖੱਟਿਆ ਸੀ।



ਪੰਚਮ ਗੁਰੂ ਜੀ ਨੇ ਛੇਹਰਟਾ ਖੂਹ ਨੂੰ ਬਸੰਤ ਰੁੱਤ ਵਿਚ ਆਉਂਦੀ ਪੰਚਮੀ ਵਾਲੇ ਦਿਨ ਚਾਲੂ ਕੀਤਾ ਸੀ ਜਿਸ ਕਰਕੇ ਇਸ ਮਹੀਨੇ ਆਉਂਦੀ ਪੰਚਮੀ ਨੂੰ 'ਬਸੰਤ ਪੰਚਮੀ' ਕਿਹਾ ਜਾਂਦਾ ਹੈ । ਕਿਹਾ ਜਾਂਦਾ ਹੈ ਕਿ ਗੁਰੂ ਕੀ ਵਡਾਲੀ ਵਿੱਚ ਲਗਭਗ 3 ਸਾਲ ਨਿਵਾਸ ਕਰਨ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਮਹਿਲ ਮਾਤਾ ਗੰਗਾ ਜੀ ਅਤੇ ਬਾਲਕ ਹਰਿਗੋਬਿੰਦ ਸਾਹਿਬ ਜੀ ਨੂੰ ਲੈ ਕੇ ਵਾਪਸ ਅੰਮ੍ਰਿਤਸਰ ਗੁਰੂ ਕੇ ਮਹਿਲਾਂ ਵਾਲੇ ਸਥਾਨ 'ਤੇ ਜਾਣ ਤੋਂ ਕੁਝ ਦਿਨ ਪਹਿਲਾਂ ਛੇ ਮਾਹਲਾਂ ਵਾਲੇ 'ਛੇਹਰਟਾ ਖੂਹ' ਨੂੰ ਬਸੰਤ ਪੰਚਮੀ ਵਾਲੇ ਦਿਨ ਆਪਣੇ ਕਰ ਕਮਲਾਂ ਨਾਲ ਚਾਲੂ ਕਰਕੇ ਵਰ ਦੇਂਦਿਆਂ ਜੋ ਫੁਰਮਾਇਆ ਸੀ ਉਹ ਇਤਿਹਾਸਕ ਗ੍ਰੰਥ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਸ ਤਰ੍ਹਾਂ ਦਰਜ ਹਨ ""ਰਚਿਓ ਛੇਹਰਟਾ ਅਤਿ ਸੁਖਦਾਈ । ਤਾ ਕੀ ਮਹਿਮਾ ਅਧਿਕ ਬਡਾਈ । ਪੁੱਤਰ ਹੇਤੁ ਨਾਰੀ ਜੋਉ ਮਾਸਿ ਮਾਸਿ ਈਹਾਂ ਨਾਇ । ਏਕ ਬਰਸਿ ਮਹਿ ਸੁੱਤ ਲਹੈ, ਸਤਿਗੁਰ ਅਸਿ ਫੁਰਮਾਇ ।"" ਸੋ ਗੁਰੂ ਜੀ ਵਲੋਂ ਛੇਹਰਟਾ ਖੂਹ ਨੂੰ ਦਿੱਤੀਆਂ ਬਖਸ਼ਿਸ਼ਾਂ ਕਰਕੇ ਸੰਗਤਾਂ ਵਲੋਂ ਹਰੇਕ ਮਹੀਨੇ ਆਉਂਦੀ ਪੰਚਮੀ 'ਤੇ ਇਸ਼ਨਾਨ ਕਰਕੇ ਔਲਾਦ ਲਈ ਅਰਦਾਸਾਂ ਬੇਨਤੀਆਂ ਕਰਵਾਈਆਂ ਜਾਂਦੀਆਂ ਹਨ । ਪੁਰਾਤਨ ਪਰੰਪਰਾ ਅਨੁਸਾਰ ਔਲਾਦ ਲਈ ਅਰਦਾਸ ਕਰਵਾਉਣ ਵਾਲੇ ਜਗਿਆਸੂਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 396 ਅੰਗ 'ਤੇ ਅੰਕਿਤ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਚਿਆ 'ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥' ਵਾਲਾ ਸ਼ਬਦ ਜਾਪ ਕਰਨ ਲਈ ਦਿੱਤਾ ਜਾਂਦਾ ਹੈ । ਇਥੇ ਇਹ ਗੱਲ ਯਾਦ ਰੱਖਣਯੋਗ ਹੈ ਕਿ ਭਾਈ ਖਾਨ ਤੇ ਭਾਈ ਢੋਲ ਜੀ ਨੇ ਨੱਤਾਂ ਦੀ ਵਡਾਲੀ ਵਾਲੇ ਭਾਈ ਭਾਗੂ ਜੀ ਦੇ ਵਾੜੇ ਵਾਲੇ ਘਰ ਤੋਂ ਜਾ ਕੇ ਪਿੰਡ ਦੇ ਬਾਹਰ ਵਾਰ ਅੰਮ੍ਰਿਤਸਰ ਤੋਂ ਭਾਜੜ ਦੇ ਰੂਪ 'ਚ ਤੰਬੂ ਲਾ ਕੇ ਨਿਵਾਸ ਕਰ ਰਹੇ ਗੁਰੂ ਜੀ ਨੂੰ ਮਾਤਾ ਗੰਗਾ ਜੀ ਦੀ ਕੁੱਖੋਂ ਬਾਲਕ ਹਰਿਗੋਬਿੰਦ ਜੀ ਦੇ ਪ੍ਰਕਾਸ਼ ਲੈਣ ਦੀ ਖੁਸ਼ਖਬਰੀ ਦਾ ਜਦ ਸਨੇਹਾ ਦਿਤਾ ਤਾਂ ਗੁਰੂ ਜੀ ਅਕਾਲ ਪੁਰਖ ਦੇ ਸ਼ੁਕਰਾਨੇ ਹਿੱਤ ਇਸ ਪਵਿੱਤਰ ਸ਼ਬਦ ਦੀ ਰਚਨਾ ਕੀਤੀ ਸੀ। ਇਸ ਸ਼ਬਦ ਦੀ ਰਚਨਾ ਕਰਨ ਵਾਲੇ ਸਥਾਨ 'ਤੇ ਹੀ ਬਾਅਦ ਪੰਚਮ ਗੁਰੂ ਜੀ ਵਲੋਂ ਛੇਹਰਟਾ ਖੂਹ ਤਾਮੀਰ ਕਰਵਾਇਆ ਗਿਆ ਸੀ । ਅਰਦਾਸਾਂ ਪੂਰੀਆਂ ਹੋਣ 'ਤੇ ਸਾਲ ਬਾਅਦ ਭਾਰੀ ਗਿਣਤੀ ਵਿਚ ਸੰਗਤਾਂ ਬਸੰਤ ਪੰਚਮੀ 'ਤੇ ਆਪਣੇ ਬੱਚਿਆਂ ਦੀਆਂ ਸੁੱਖਣਾ ਪੂਰੀਆਂ ਕਰਨ ਆਉਂਦੀਆਂ ਹਨ । ਗੁ: ਸਾਹਿਬ ਦੇ ਸਰੋਵਰ ਵਿੱਚ ਛੇਹਰਟਾ ਖੂਹ 'ਚੋਂ ਪੈਂਦੇ ਜਲ ਨਾਲ ਇਸ਼ਨਾਨ ਕਰਕੇ ਗੁ: ਸਾਹਿਬ ਮੱਥਾ ਟੇਕਣ ਤੋਂ ਬਾਅਦ ਬੱਚਿਆਂ ਨਾਲ ਗੁੱਡੀਆਂ, ਪਤੰਗਾਂ ਨੂੰ ਅਸਮਾਨ ਵਿੱਚ ਉਡਾਅ ਕੇ ਖੁਸ਼ੀਆਂ ਮਨਾਉਂਦੇ ਹਨ । ਪੁਰਾਤਨ ਸਮੇਂ ਤੋਂ ਹੀ ਸੰਗਤਾਂ ਵਲੋਂ ਛੇਹਰਟਾ ਸਾਹਿਬ ਵਿਖੇ ਬੱਚਿਆਂ ਹਿੱਤ ਅਰਦਾਸ ਕਰਨ ਸਮੇਂ ਮਨ ਵਿੱਚ ਧਾਰਨਾ ਬਣਾਈ ਹੁੰਦੀ ਸੀ ਕਿ ਸਤਿਗੁਰੂ ਜੀ ਉਨ੍ਹਾਂ ਨੂੰ ਔਲਾਦ ਦੇਵੇ ਤਾਂ ?ਹ ਬਸੰਤ ਪੰਚਮੀ 'ਤੇ ਆ ਕੇ ਬੱਚਿਆਂ ਨੂੰ ਮੱਥਾ ਟਿਕਾਅ ਕੇ ਪਤੰਗਾਂ ਤੇ ਗੁੱਡੀਆਂ ਨੂੰ ਅਸਮਾਨ ਵਿੱਚ ਚੜਾਅ ਕੇ ਖੁਸ਼ੀਆਂ ਮਨਾਉਣਗੇ । ਹੁਣ ਇਹ ਰਿਵਾਜ ਬਹੁਤ ਘੱਟ ਰਿਹਾ ਹੈ ਕਿਉਂਕਿ ਚਾਈਨਾ ਡੋਰ ਨੇ ਪਤੰਗਬਾਜੀ ਕਰਨ ਵਾਲੀਆਂ ਸੰਗਤਾਂ ਦੀਆਂ ਭਾਵਨਾਵਾਂ ਨੂੰ ਬਹੁਤ ਠੇਸ ਪਹੁੰਚਾਈ ਹੋਈ ਹੈ।






# ਪੇਟ ਦੀਆਂ ਬਿਮਾਰੀਆਂ : ਅਲਸਰੇਟਿਵ ਕੋਲਾਇਟਸ / 'ਸੰਗ੍ਰਹਿਣੀ'

ਜੋ ਭੋਜਨ ਅਸੀਂ ਖਾਂਦੇ ਹਾਂ, ਉਹ ਮੂੰਹ ਰਾਹੀਂ ਭੋਜਨ ਨਲੀ ਰਾਹੀਂ ਸਾਡੇ ਪੇਟ ਵਿਚ ਜਾਂਦਾ ਹੈ। ਮਿਹਦੇ ਤੋਂ ਛੋਟੀ ਅੰਤੜੀ ਵਿਚ ਕਈ ਤਰ੍ਹਾਂ ਦੇ ਰਸ ਨਿਕਲਦੇ ਹਨ, ਜੋ ਭੋਜਨ ਹਜ਼ਮ



ਕਰਨ ਵਿਚ ਸਾਡੀ ਮਦਦ ਕਰਦੇ ਹਨ। ਛੋਟੀ ਅੰਤੜੀ ਤੋਂ ਬਾਅਦ ਭੋਜਨ ਵੱਡੀ ਅੰਤੜੀ ਵਿਚ ਚਲਾ ਜਾਂਦਾ ਹੈ। ਵੱਡੀ ਅੰਤੜੀ ਅੰਦਰ ਤਿੰਨ ਹਿੱਸਿਆਂ ਵਿਚ ਵੰਡੀ ਹੁੰਦੀ ਹੈ। ਉਸ ਦਾ ਕੰਮ ਪੱਕੇ ਹੋਏ ਭੋਜਨ ਵਿਚ ਪਾਣੀ ਦੀ ਮਾਤਰਾ ਤੇ ਤਰਲ ਪਦਾਰਥ ਕੱਢਣ, ਮਲ ਤਿਆਗ ਕਰਨਾ ਅਤੇ ਮਲ ਨੂੰ ਇਕੱਠਾ ਕਰਕੇ ਰੱਖਣਾ ਹੁੰਦਾ ਹੈ ਤੇ ਫਿਰ ਮਲ ਜੋ ਕਿ ਪਖਾਨੇ ਰਾਹੀਂ ਬਾਹਰ ਨਿਕਲ ਜਾਂਦਾ ਹੈ। ਵੱਡੀ ਅੰਤੜੀ ਦੀ ਸੋਜ ਨੂੰ 'ਅਲਸਰੇਟਿਵ ਕੋਲਾਇਟਿਸ' ਕਹਿੰਦੇ ਹਨ। ਕਈ ਵਾਰ ਛੋਟੀ ਅੰਤੜੀ ਦੇ ਨਾਲ-ਨਾਲ ਵੱਡੀ ਅੰਤੜੀ ਨੂੰ ਵੀ ਸੋਜ ਹੋ ਜਾਂਦੀ ਹੈ ਤਾਂ ਉਸ ਨੂੰ ਕਰੋਹਨ ਕਹਿੰਦੇ ਹਨ। ਕਈ ਤਰ੍ਹਾਂ ਦੇ ਕਿਟਾਣੂ ਤੇ ਜੀਵਾਣੂ ਸਾਡੀ ਖੁਰਾਕ ਵਾਲੀ ਵੱਡੀ ਅੰਤੜੀ ਵਿਚ ਜਾ ਕੇ ਇਕੱਠੇ ਹੋ ਜਾਂਦੇ ਹਨ। ਵੱਡੀ ਅੰਤੜੀ ਵਿਚ ਪਨਪਣ ਲਈ ਕਈ ਤਰ੍ਹਾਂ ਦੇ ਤਰਲ ਪਦਾਰਥ ਤੇ ਤੇਜ਼ਾਬੀ ਮਾਦੇ ਮਿਲ ਜਾਂਦੇ ਹਨ, ਜਦੋਂ ਉਨ੍ਹਾਂ ਦੀ ਪ੍ਰਾਪਤ ਨਮੀ ਤੇ ਪੀ ਐਚ। ਮਿਲ ਜਾਂਦੀ ਹੈ ਤਾਂ ਵੱਡੀ ਅੰਤੜੀ ਦੀ ਝਿੱਲੀ ਵਿਚ ਜ਼ਖ਼ਮ ਕਰ ਦਿੰਦੇ ਹਨ ਤੇ ਮਰੀਜ਼ ਨੂੰ 'ਅਲਸਰੇਟਿਵ ਕੋਲਾਇਟਸ' ਹੋ ਜਾਂਦਾ ਹੈ। 'ਸੰਗ੍ਰਹਿਣੀ' ਦਾ ਭਾਵ ਹੈ ਕਿ ਬਿਮਾਰੀ ਬੜੀ ਦੇਰ ਤੱਕ ਮਰੀਜ਼ ਦੇ ਸੰਗ ਰਹਿੰਦੀ ਹੈ। ਜੇਕਰ ਮਰੀਜ਼ ਸ਼ੁਰੂ ਵਿਚ ਹੀ ਇਸ ਦਾ ਇਲਾਜ ਪੇਟ ਦੇ ਮਾਹਿਰ ਡਾਕਟਰ ਨੂੰ ਦਿਖਾ ਕੇ ਕਰਵਾ ਲਵੇ ਤਾਂ ਇਸ ਦਾ ਇਲਾਜ ਸੌਖਾ ਤੇ ਸਰਲ ਹੈ। ਇਸ ਬਿਮਾਰੀ ਤੋਂ ਘਬਰਾਉਣ ਦੀ ਲੋੜ ਨਹੀਂ। ਜੇਕਰ ਮਰੀਜ਼ ਨੂੰ ਖੱਬੇ ਪਾਸੇ ਵੱਖੀ ਵਿਚ ਕੋਈ 'ਛੱਲੀ' ਜਿਹੀ ਨਜ਼ਰ ਆਵੇ ਜਾਂ ਖੱਬਾ ਪਾਸਾ ਭਾਰਾ-ਭਾਰਾ ਮਹਿਸੂਸ ਹੋਵੇ, ਪਖਾਨੇ ਵਿਚ ਹਰ ਵਾਰ ਖ਼ੂਨ-ਪੀਕ ਆਵੇ ਜਾਂ ਪਖਾਨਾ ਚੌਲਾਂ ਦੀ ਪਤਲੀ ਪਰਤ ਵਰਗਾ ਹੋਵੇ ਤਾਂ ਇਹ ਬਿਮਾਰੀ ਸੰਗ੍ਰਹਿਣੀ ਹੋ ਸਕਦੀ ਹੈ। ਸੰਗ੍ਰਹਿਣੀ ਦੀ ਤਕਲੀਫ ਦੇ ਇਲਾਜ ਲਈ ਅੱਜਕਲ੍ਹ ਬਹੁਤ ਨਵੀਂ ਕਿਸਮ ਦੇ ਫੋਮ ਰੇਕਟਸ ਅਨੀਮਾ ਆ ਗਏ ਹਨ, ਜਿਨ੍ਹਾਂ ਰਾਹੀਂ ਜ਼ਖ਼ਮ ਵਾਲੇ ਹਿੱਸੇ 'ਤੇ ਸਿੱਧੀ ਦਵਾਈ ਲਗਦੀ ਹੈ ਤੇ ਮਰੀਜ਼ ਨੂੰ ਬਹੁਤ ਛੇਤੀ ਆਰਾਮ ਆ ਜਾਂਦਾ ਹੈ। ਆਮ ਤੌਰ 'ਤੇ ਸੰਗ੍ਰਹਿਣੀ ਦੇ ਮਰੀਜ਼ ਨੂੰ ਇਸ ਦੇ ਇਲਾਜ ਵਿਚ ਇਕੋ ਸ਼ਿਕਾਇਤ ਹੁੰਦੀ ਹੈ ਕਿ ਕਈ ਵਾਰੀ ਗੋਲੀਆਂ ਪੇਟ ਵਿਚ ਅਸਰ ਕੀਤੇ ਬਿਨਾਂ ਹੀ ਸਾਬਤ ਪਖਾਨੇ ਰਸਤੇ ਬਾਹਰ ਆ ਜਾਂਦੀਆਂ ਹਨ। ਇਸ ਦੇ ਹੱਲ ਲਈ ਬੜੀ ਨਵੀਂ ਤਰ੍ਹਾਂ ਦੇ ਗਰੇਨੀਇਊਲਜ਼ ਤੇ ਨਵੀਨਤਮ ਤਰੀਕੇ ਨਾਲ ਬਣੀ ਹੋਈ ਦਵਾਈ ਆ ਗਈ ਹੈ ਜੋ ਕਿ ਸਿਰਫ਼ 'ਅਲਸਰੇਟਿਵ ਕੋਲਾਇਟਸ' ਤੇ ਬਿਮਾਰੀ ਵਾਲੇ ਹਿੱਸੇ 'ਤੇ ਜਾ ਕੇ ਹੀ ਅਸਰ ਕਰਦੀ ਹੈ। 'ਅਲਸੇਰਟਿਵ ਕੋਲਾਇਟਸ' ਦੇ ਮਰੀਜ਼ ਨੂੰ ਬਿਮਾਰੀ ਠੀਕ ਹੋਣ ਤੋਂ ਬਾਅਦ ਵੀ ਮਾਹਿਰ ਡਾਕਟਰ ਨੂੰ ਚੈੱਕ ਕਰਵਾਉਂਦੇ ਰਹਿਣਾ ਚਾਹੀਦਾ ਹੈ। ਠੀਕ ਹੋਣ ਤੋਂ ਬਾਅਦ ਵੀ ਲੰਬਾ ਸਮਾਂ ਦਵਾਈ, ਦੁੱਧ ਤੇ ਦੁੱਧ ਤੋਂ ਬਣੀਆਂ ਚੀਜ਼ਾਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਸੰਗ੍ਰਹਿਣੀ ਰੋਗ ਨੂੰ 'ਵੱਡੀ ਅੰਤੜੀ ਦੇ ਜ਼ਖ਼ਮ' 'ਅਲਸਰ' ਵੀ ਕਿਹਾ ਜਾਂਦਾ ਹੈ।

**ਕਈ ਤਰ੍ਹਾਂ ਦੇ ਕਿਟਾਣੂ ਤੇ ਜੀਵਾਣੂ ਸਾਡੀ ਖ਼ੁਰਾਕ ਵਾਲੀ ਵੱਡੀ ਅੰਤੜੀ ਵਿਚ ਜਾ ਕੇ ਇਕੱਠੇ ਹੋ ਜਾਂਦੇ ਹਨ। ਵੱਡੀ ਅੰਤੜੀ ਵਿਚ ਪਨਪਣ ਲਈ ਕਈ ਤਰ੍ਹਾਂ ਦੇ ਤਰਲ ਪਦਾਰਥ ਤੇ ਤੇਜ਼ਾਬੀ ਮਾਦੇ ਮਿਲ ਜਾਂਦੇ ਹਨ, ਜਦੋਂ ਉਨ੍ਹਾਂ ਦੀ ਪ੍ਰਾਪਤ ਨਮੀ ਤੇ ਪੀ ਐਚ। ਮਿਲ ਜਾਂਦੀ ਹੈ ਤਾਂ ਵੱਡੀ ਅੰਤੜੀ ਦੀ ਝਿੱਲੀ ਵਿਚ ਜ਼ਖ਼ਮ ਕਰ ਦਿੰਦੇ ਹਨ ਤੇ ਮਰੀਜ਼ ਨੂੰ 'ਅਲਸਰੇਟਿਵ ਕੋਲਾਇਟਸ' ਹੋ ਜਾਂਦਾ ਹੈ।**

## ਅੰਦੋਲਨ....

**ਦਲਵਿੰਦਰ ਸਿੰਘ ਘੁੰਮਣ**

ਵੇਖ ਇਤਿਹਾਸ, ਲਿਖਣ ਅਸੀ ਚੱਲੇ ਆਂ
ਇੱਟ ਉੱਤੇ ਇੱਟ ਰੱਖਣ ਅਸੀ ਚੱਲੇ ਆਂ
ਖੁੱਲੇ ਹੋਏ ਕੇਸਾਂ ਵਿਚੋ ਵਗਦੇ ਖ਼ੂਨ ਦਾ
ਦੁਨਿਆਂ ਨੂੰ ਸੱਚ ਦੱਸਣ ਅਸੀ ਚੱਲੇ ਆਂ

ਖੈਰਾਤ ਨਹੀ ਮੰਗੀ, ਮੰਗਿਆ ਏ ਹੱਕ
ਸੋਂਵੇ ਨਾ ਕੋਈ ਭੁੱਖਾ, ਨਾ ਰਹੇ ਪਿਆਸਾ
ਤਾਂਹੀ ਲੰਗਰ ਦੀ ਕਨਾਤ ਲਾਉਣ ਅਸੀ ਚੱਲੇ ਆਂ

ਨੰਗੇ ਪੈਰੀਂ, ਤੇੜ ਨੰਗਾ, ਨੰਗੀ ਏ ਜੇਬ ਮੇਰੀ
ਚੁਕਿਆ ਸੀ ਜੋ ਸ਼ਾਹੂਕਾਰ ਦਾ, ਜੋ ਨਾ ਲੱਥਾ
ਲੈਣ ਦੇਣੀਆਂ ਦਾ ਹਿਸਾਬ ਕਰਨ ਅਸੀ ਚੱਲੇ ਆਂ

ਖੇਤ ਹੋਣ, ਹੋਵੇ ਸ਼ਮਸ਼ਾਨ ਜਾਂ ਸਰਹੱਦ ਉੱਤੇ
ਲੜਾਂਗੇ ਕਲਗੀਧਰ ਦੀ ਸ਼ਮਸ਼ੀਰ ਨਾਲ
ਲੱਕੜਾਂ ਤੇ ਅੱਗ ਤਾਂਹੀ ? ਲੇ ਕੇ ਅਸੀ ਚੱਲੇ ਆਂ

ਵਾਹ ! ? ਕਮਾਲ ਤੇਰੀ, ਜੰਗ ਹੋਵੇ ਸਭ ਦੀ
ਲੜੇ ਤੂੰ ਇਕੱਲਾ ਗੁਰੂ ਦੇ ਉਪਦੇਸ਼ ਲਈ
ਗੱਲ ਖਾਨੇ ਅਨਜਾਣ ਦੇ ਪਾਉਣ ਅਸੀ ਚੱਲੇ ਆਂ

ਆਈਏ ਤਾਬੂਤ ਵਿੱਚ ਜਾਂ ਆਈਏ ਕੰਧੇ ਉਤੇ
ਹਾਰ ਟੰਗ ਕਿੱਲੀ ਉੱਤੇ ਆਖ ਦਿਤਾ ਸੰਗੀ ਨੂੰ
ਪਾ ਦਈਂ ਜਦੋ ਮੁੜੇ, ਜਿੱਤਣ ਅਸੀ ਚੱਲੇ ਆਂ





# ਸਾਰਾ ਅਤੇ ਕ੍ਰਿਤੀ ਹੋਣਗੀਆਂ ਟਾਈਗਰ ਦੀਆਂ ਹੀਰੋਇਨ

ਟਾਈਗਰ ਸ਼ਰਾਫ ਦੇ ਕੋਲ ਇਨ੍ਹੀਂ ਦਿਨੀਂ 'ਹੀਰੋਪੰਤੀ 2', 'ਗਣਪਤ', 'ਬਾਗੀ 4' ਅਤੇ 'ਰੈਂਬੋ' ਵਰਗੀਆਂ ਕਈ ਐਕਸ਼ਨ ਫਿਲਮਾਂ ਹਨ। 'ਹੀਰੋਪੰਤੀ 2' ਵਿਚ ਉਹ ਤਾਰਾ ਸੁਤਾਰੀਆ ਨਾਲ ਰੋਮਾਂਸ ਕਰਦੇ ਨਜ਼ਰ ਆਉਣਗੇ, 'ਗਣਪਤ' ਅਤੇ 'ਬਾਗੀ 4' ਦੀਆਂ ਹੀਰੋਇਨਾਂ ਦੇ ਨਾਂਅ ਵੀ ਸਾਹਮਣੇ ਆ ਗਏ ਹਨ। ਖਬਰਾਂ ਹਨ ਕਿ ਫਿਲਮ 'ਗਣਪਤ' ਵਿੱਚ ਕ੍ਰਿਤੀ ਸਨਨ ਅਤੇ 'ਬਾਗੀ 4' ਵਿੱਚ ਸਾਰਾ ਆਲੀ ਖਾਨ ਹੀਰੋਇਨ ਹੋਣਗੀਆਂ।





ਟਾਈਗਰ ਨੇ ਇੰਸਟਾਗ੍ਰਾਮ 'ਤੇ ਫਿਲਮ 'ਗਣਪਤ' ਦੀ ਹੀਰੋਇਨ ਦੀ ਪਹਿਲੀ ਝਲਕ ਸਾਂਝੀ ਕੀਤੀ ਹੈ। ਸੂਤਰਾਂ ਮੁਤਾਬਕ ਫਿਲਮ 'ਹੀਰੋਪੰਤੀ ਵਿੱਚ ਟਾਈਗਰ ਨਾਲ ਹਿੰਦੀ ਸਿਨੇਮਾ ਦਾ ਡੈਬਿਊ ਕਰਨ ਵਾਲੀ ਅਭਿਨੇਤਰੀ ਕ੍ਰਿਤੀ ਸਨਨ ਇਸ ਫਿਲਮ ਦੀ ਹੀਰੋਇਨ ਹੋ ਸਕਦੀ ਹੈ। ਫਿਲਮ 'ਬਾਗੀ 4' ਵਿੱਚ ਟਾਈਗਰ ਦੀ ਜੋੜੀ ਪਹਿਲੀ ਵਾਰ ਸਾਰਾ ਅਲੀ ਖਾਨ ਨਾਲ ਬਣਨ ਦੀਆਂ ਖਬਰਾਂ ਹਨ। ਇਸ ਫਿਲਮ ਦੇ ਨਿਰਮਾਤਾ ਸਾਜਿਦ ਨਾਡਿਆਡਵਾਲਾ ਨੇ ਬੀਤੇ ਸਾਲ ਸਾਰਾ ਅਲੀ ਖਾਨ ਨਾਲ ਫਿਲਮ ਬਣਾਉਣ ਦੀ ਗੱਲ ਕਹੀ ਸੀ। ਇਸੇ ਲਈ ਸਾਰਾ 'ਬਾਗੀ 4' ਦਾ ਹਿੱਸਾ ਹੋਵੇਗੀ। 'ਗਣਪਤ' ਦੀ ਸ਼ੂਟਿੰਗ ਇਸ ਸਾਲ ਦੀ ਦੂਸਰੀ ਛਿਮਾਹੀ ਤੋਂ ਸ਼ੁਰੂ ਹੋਵੇਗੀ ਅਤੇ ਰਿਲੀਜ਼ 2022 ਵਿੱਚ ਹੋਵੇਗੀ।

JAS ARORA NOTARY CORPORATION

SINCE 1926



ਅਸੀਂ ਲਾਈਫ ਸਰਟੀਫਿਕੇਟ ਮੁਫਤ ਵਿੱਚ ਨੋਟਰਾਇਜ਼ ਕਰਦੇ ਹਾਂ।

ਅਸੀਂ ਬਹੁਤ ਹੀ ਵਾਜ਼ਬ ਰੇਟਾਂ 'ਤੇ ਨੋਟਰੀ ਦੀਆਂ ਸਾਰੀਆਂ ਸੇਵਾਵਾਂ ਦਿੰਦੇ ਹਾਂ

We also handle Wills, Powers of attorney, Representation agreements and Lease agreement

Sale, Purchase and Mortgage of Your Property

ਨੋਟਰੀ ਸੇਵਾਵਾਂ
- ✓ ਹਲਫ਼ਨਾਮੇ
- ✓ ਵਸੀਅਤਨਾਮਾ
- ✓ ਮੌਰਟਗੇਜ਼ ਦਸਤਾਵੇਜ਼
- ✓ ਪਾਵਰ ਆਫ ਅਟੌਰਨੀ
- ✓ ਰੀਅਲ ਇਸਟੇਟ ਦੀ ਖ਼ਰੀਦ ਅਤੇ ਵੇਚ
- ✓ ਇਕਰਾਰਨਾਮਾ ਅਤੇ ਹੋਰ ਨੋਟਰੀ ਸੇਵਾਵਾਂ

Notarizations
- ✓ Affidavits
- ✓ Invitation Letters
- ✓ Travel Consent Letters
- ✓ Statutory Declarations



Jaswant K. Arora
Notary Public, MA (ALS),
MA (Eng.Punjabi)
Cell: 778-386-9189
Fax: 604-305-4564

#109A-12888 80 Avenue Surrey BC
Email : jas@jasaroranotary.com | Website : www.jasaroranotary.com



## ਵਿਕਾਸ ਖੰਨਾ ਦੀ ਫਿਲਮ ਵਿਚ ਸ਼ਬਾਨਾ ਆਜ਼ਮੀ ਸ਼ੈਫ ਬਣੇਗੀ

ਨੀਨਾ ਗੁਪਤਾ ਦੀ ਫਿਲਮ 'ਦ ਲਾਸਟ ਕਲਰ ਦੀ ਸ਼ਲਾਘਾ ਦੇ ਬਾਅਦ ਸ਼ੈਫ ਵਿਕਾਸ ਖੰਨਾ ਆਪਣੀ ਅਗਲੀ ਫਿਲਮ ਸ਼ਬਾਨਾ ਆਜ਼ਮੀ ਨਾਲ ਲੈ ਕੇ ਆ ਰਹੇ ਹਨ। ਖਾਸ ਗੱਲ ਇਹ ਹੈ ਕਿ ਇਸ ਵਿੱਚ ਸ਼ਬਾਨਾ ਆਜ਼ਮੀ ਨਿਊ ਯਾਰਕ ਵਿੱਚ ਕੰਮ ਕਰਨ ਵਾਲੀ ਸ਼ੈਫ ਦੀ ਭੂਮਿਕਾ ਵਿੱਚ ਨਜ਼ਰ ਆਏਗੀ। ਇਸ ਕਿਰਦਾਰ ਲਈ ਵਿਕਾਸ ਨੂੰ ਸ਼ਬਾਨਾ ਦੀ ਸ਼ਰਤ ਮੰਨਣੀ ਪਈ। ਦਰਅਸਲ, ਇਸ ਫਿਲਮ ਦੇ ਬਦਲੇ ਵਿਕਾਸ ਨੇ ਉਨ੍ਹਾਂ ਨੂੰ ਖਾਣਾ ਬਣਾਉਣਾ ਸਿਖਾਉਣ ਦਾ ਵਾਅਦਾ ਕੀਤਾ ਹੈ। ਇੱਕ ਇੰਟਰਵਿਊ ਦੌਰਾਨ ਵਿਕਾਸ ਨੇ ਦੱਸਿਆ, "ਜਦ ਮੈਂ ਉਨ੍ਹਾਂ ਨੂੰ ਇਹ ਫਿਲਮ ਆਫਰ ਕੀਤੀ ਤਾਂ ਉਹ ਪਹਿਲਾਂ ਬਹੁਤ ਜ਼ੋਰ ਨਾਲ ਹੱਸੀ, ਕਿਉਂਕਿ ਕਿਰਦਾਰ ਸ਼ੈਫ ਦਾ ਸੀ ਅਤੇ ਉਹ ਖਾਣਾ ਬਣਾਉਣਾ ਨਹੀਂ ਜਾਣਦੀ। ਫਿਰ ਜਦ ਮੈਂ ਉਨ੍ਹਾਂ ਨੂੰ ਇਸ ਕਿਰਦਾਰ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਕਿਹਾ ਕਿ ਉਹ ਇਸ ਕਿਰਦਾਰ ਵਿੱਚ ਬਹੁਤ ਜੱਚਣਗੇ, ਤਾਂ ਉਹ ਤਿਆਰ ਹੋ ਗਈ। ਨਾਲ ਸ਼ਰਤ ਰੱਖੀ ਕਿ ਮੈਂ ਉਨ੍ਹਾਂ ਨੂੰ ਖਾਣਾ ਬਣਾਉਣਾ ਸਿਖਾਵਾਂਗਾ।" ਸ਼ਬਾਨਾ ਆਉਣ ਵਾਲੇ ਦਿਨਾਂ ਵਿੱਚ ਨਿਖਿਲ ਅਡਵਾਨੀ ਦੀ ਵੈਬ ਸੀਰੀਜ਼ 'ਮੁਗਲਸ ਵਿੱਚ ਨਜ਼ਰ ਆਏਗੀ। ਲਾਕਡਾਊਨ ਪਿੱਛੋਂ ਸ਼ੂਟਿੰਗ ਦੀ ਮਨਜ਼ੂਰੀ ਮਿਲਣ ਦੇ ਬਾਅਦ ਉਨ੍ਹਾਂ ਨੇ ਇਸ ਵੈਬ ਸੀਰੀਜ਼ ਦੀ ਸ਼ੂਟਿੰਗ ਕੀਤੀ ਸੀ।

## ਵਿਕਰਮ ਅਤੇ ਮਹੇਸ਼ ਭੱਟ ਬਣਾਉਣਗੇ ਹਾਰਰ ਫਿਲਮ 'ਕੋਲਡ

ਫਿਲਮ ਨਿਰਮਾਤਾ ਵਿਕਰਮ ਭੱਟ ਨੇ ਆਪਣੀ ਅਗਲੀ ਹਾਰਰ ਫਿਲਮ 'ਕੋਲਡ ਬਣਾਉਣ ਦਾ ਐਲਾਨ ਕੀਤਾ ਹੈ, ਜਿਸ ਵਿੱਚ ਅਕਸ਼ੈ ਓਬਰਾਏ ਅਤੇ ਅਨੀਸ਼ਾ ਪਾਹੂਜਾ ਕੰਮ ਕਰਨਗੇ। ਇਸ ਫਿਲਮ ਦਾ ਨਿਰਮਾਣ ਮਹੇਸ਼ ਭੱਟ ਕਰਨਗੇ, ਜਦ ਕਿ ਇਸ ਦੀ ਕਹਾਣੀ ਸੁਹਰਿਤਾ ਸੇਨ ਗੁਪਤਾ ਨੇ ਲਿਖੀ ਹੈ। 'ਰਾਜ਼ ਫਿਲਮ ਤੋਂ ਦੋ ਦਹਾਕੇ ਬਾਅਦ ਵਿਕਰਮ ਭੱਟ ਤੇ ਮਹੇਸ਼ ਭੱਟ ਫਿਰ ਇਕੱਠੇ ਫਿਲਮ ਬਣਾਉਣ ਜਾ ਰਹੇ ਹਨ। ਨਿਰਮਾਤਾਵਾਂ ਅਨੁਸਾਰ, 'ਕੋਲਡ ਅਜਿਹੀ ਔਰਤ ਦੀ ਕਹਾਣੀ ਹੈ, ਜੋ ਭਿਆਨਕ ਸਮੇਂ 'ਚੋਂ ਉਭਰ ਕੇ ਆਉਂਦੀ ਹੈ ਅਤੇ ਦੱਸਦੀ ਹੈ ਕਿ ਉਹ ਇੱਕ ਵੱਡੇ ਸ਼ਹਿਰ 'ਚ ਕਿਵੇਂ ਬਚੀ, ਜਿੱਥੇ ਹਰ ਥਾਂ ਖਤਰਾ ਸੀ। ਵਿਕਰਮ ਭੱਟ, ਜੋ 'ਰਾਜ਼ ਅਤੇ '1920 ਵਰਗੀਆਂ ਹਾਰਰ ਫਿਲਮਾਂ ਦੇ ਨਿਰਦੇਸ਼ਨ ਲਈ ਜਾਣੇ ਜਾਂਦੇ ਹਨ, ਨੇ ਕਿਹਾ, "ਮੈਂ ਮਹੇਸ਼ ਭੱਟ ਨਾਲ ਮਿਲ ਕੇ ਵੀਹ ਸਾਲ ਬਾਅਦ ਫਿਰ ਕੋਈ ਹਾਰਰ ਫਿਲਮ ਬਣਾ ਰਿਹਾ ਹਾਂ ਅਤੇ ਇਹ ਫਿਲਮ ਅੱਜ ਤੱਕ ਬਣੀਆਂ ਅਜਿਹੀਆਂ ਫਿਲਮਾਂ ਵਿੱਚੋਂ ਸਭ ਤੋਂ ਡਰਾਉਣੀ ਹੋਵੇਗੀ।" ਫਿਲਮ ਦਾ ਪਹਿਲਾ ਸ਼ੂਟਿੰਗ ਸ਼ਡਿਊਲ ਮੁੰਬਈ ਵਿੱਚ ਸ਼ੁਰੂ ਹੋਇਆ ਹੈ।



# ROHITA PANNU LAW CORPORATION

## BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

# Ph: 604.589.1399

**Fax : 604.589.1556** **www.rohitapannulaw.com**

**2 Locations to Serve You**

**# 102-9278, 120th Street,**
**Surrey, BC V3V 4W8**

**6303 Fraser Street,**
**Vancouver BC**


Rajan MANGOES
ARE HERE!
available only at
fruiticana
SINCE 1994
LOWEST PRICES IN TOWN
Sher Besan (Chana Flour) 4 lbs
ਸ਼ੇਰ ਵੇਸਣ
$3.98 ea.
Fresh Methi
ਤਾਜਾ ਮੇਥੀ
$1.49 bunch
Red Onions 25 lbs
ਲਾਲ ਗੰਢੇ
$7.99 bag
Reg. Large Eggplants
ਵੱਡੇ ਬਤਾਉਂ
88¢ ea.
Gala Apples USA #1
ਗਾਲਾ ਸੇਬ ਯੂ.ਐਸ.ਏ #੧
98¢ lb
Britannia Punjabi Biscuits 620 g
ਬ੍ਰਿਟੈਨੀਆ ਪੰਜਾਬੀ ਬਿਸਕੁਟ
$3.99 pkg.
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Extra Extra Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$1.99 ea.
Extra Super Super Special
Roma Tomatoes
ਟਮਾਟਰ ਰੋਮਾ
59¢ lb
RAJAN MANGOES
ਰਾਜਨ ਹੇਡਨ ਅੰਬ (HADEN) 4 kg
$12.99 BOX
Super Special
Spinach
ਪਾਲਕ
2 bunches for $1.59
Super Special
Yellow Onions 50 lbs
ਪੀਲੇ ਗੰਢੇ
Lowest Price in Canada
$7.99 bag
Super Special
Almonds
ਬਦਾਮ
$3.98 lb
Super Special
Fresh Garlic
ਤਾਜਾ ਲਸਣ
99¢ lb
Super Special
Britannia Wheat Rusk 305 g
ਬ੍ਰਿਟੈਨੀਆ ਕਣਕ ਦੇ ਰੱਸ
99¢ pkg.
Super Special
Long English Cucumbers
ਲੰਬੇ ਇੰਗਲਿਸ਼ ਖੀਰੇ
2 for 99¢
Zucchini Squash
ਜ਼ੁਕੀਨੀ ਸਕੁਐਸ਼
59¢ lb
Green Bell Peppers
ਹਰੀ ਸ਼ਿਮਲਾ ਮਿਰਚਾਂ
79¢ lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
88¢ lb
Cilantro
ਧਨੀਆ
3 bunches for 99¢
Rapini (Sarson da Saag)
ਸਰਸੋਂ ਦਾ ਸਾਗ
$2.49 bunch
Broccoli Crown
ਬਰੋਕਲੀ ਕਰਾਊਨ
98¢ lb
Opo Squash
ਓਪੋ ਕੱਦੂ
79¢ lb
Red Delicious Apples US #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Ahmed Mango Pickle (Achar) 1kg
ਅਹਿਮਦ ਅੰਬ ਅਚਾਰ
$2.99 ea.
Green Cardamom (Elaichi) IBG
ਹਰੀ ਇਲਾਇਚੀ (ਆਈ.ਬੀ.ਜੀ)
$26.99 lb
Bhogpur Moti Cane Sugar 100% Vegetarian 15 lbs
ਭੋਗਪੁਰ ਮੋਟੀ ੧੦੦% ਵੇਜੀਟੇਰੀਅਨ ਗੰਨੇ ਦੀ ਖੰਡ
$8.98 bag
Indican Punjabi Cane White Sugar 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$4.49 bag
Indican Brown Sugar 8 lbs
ਇੰਡੀਕੇਨ ਭੂਰੀ ਖੰਡ
$4.98 bag
KTC Pomace Olive Oil 3L
ਕੇ.ਟੀ.ਸੀ ਜੈਤੂਨ ਪੋਮੇਸ ਦਾ ਤੇਲ
$9.98 ea.
Indican Punjabi Cookies 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
Indican Chickpeas Red Lentil Whole 4 lbs
ਇੰਡੀਕੇਨ ਚਿੱਟੇ ਛੋਲੇ ਮਸਰਾਂ ਦੀ ਸਾਬਤ ਦਾਲ
$2.49 bag
Product images may differ from the actual product.
Fri Feb 19, 2021 - Thur Feb 25, 2021
We reserve the right to limit the quantities while they last
fruiticana
SINCE 1994
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Surrey ------------ 12990 72nd Ave. ------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ---------------- 604-372-2023
Surrey ------------ 101-7228 192St. -------------- 604-575-3750
Abbotsford ------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520